ੴ

ਨ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜਿ ਸੇਤੀ ਘਰ ਆਉ ।।

# ਭਾਈ ਘਨੱਈਆ ਸੇਵਾ ਜੋਤੀ

ਮਈ 2003




ਸਚਿਖੰਡ ਵਾਸੀ ਸੰਤ ਭੁਪਿੰਦਰ ਸਿੰਘ ਜੀ ਸੇਵਾ ਪੰਥੀ
(3 ਜੁਲਾਈ 1979 - 17 ਅਪ੍ਰੈਲ 2003)

# ਸੰਤ ਭੁਪਿੰਦਰ ਸਿੰਘ ਜੀ 'ਸੇਵਾ ਪੰਥੀ' ਦੇ ਅੰਤਿਮ ਦਰਸ਼ਨ







ਸਾਲ : 19
ਮੁੱਖ ਸਰਪ੍ਰਸਤ
ਸਰਪ੍ਰਸਤ
ਮੁੱਖ ਸਲਾਹ
ਸੰਪਾਦਕੀ


ਜੇਠਿ ਮਹੀਨੇ
ਸੰਪਾਦਕੀ
ਪ੍ਰੋਗਰਾਮ ਪ੍ਰ
ਕਥਾ ਸੁਖਮਨ
ਸਾਖੀਆਂ ਭਾ
ਸੋਹਿਲਾ (ਕਿ
ਬਾਦਸ਼ਾਹ ਦ
ਅਕਾਲ ਚਲ
ਗੁਰੂ ਤੇਗ ਬ
ਸੰਤ ਭੁਪਿੰਦਰ
ਚਲੈ ਜਨਮੁ ਸ
ਚਮਤਕਾਰੀ
ਸੇਵਾ ਦੀ ਮੂਰਤ
ਪ੍ਰਕਾਸ਼ਿਤ ਖਬ
ਸ਼ੋਕ-ਪ੍ਰਸਤਾਵ


ਭ: ਘ: ਸੇਵਾ








ਇਹ ਭੀ ਅਪਨੋ ਪੰਥ ਪ੍ਰਕਾਸ਼ੈ ॥

ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ

ਪੰਜਾਬੀ ਮਾਸਿਕ

ਸਾਲ : 19ਵਾਂ ਅੰਕ : ਪੰਜਵਾਂ ਮਈ 2003 ਕੀਮਤ : ਅਮੁੱਲ



**ਮੁੱਖ ਸਰਪ੍ਰਸਤ** : ਸੰਤ ਬਾਬਾ ਤੀਰਥ ਸਿੰਘ ਸੇਵਾ ਪੰਥੀ Ph.0164-2262012 Mob:98140-32957

**ਸਰਪ੍ਰਸਤ** : ਸੰਤ ਕਾਹਨ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ ਫ਼ੋਨ : 2263333 ਮੋਬਾ: 98140-04503, ਮਹੰਤ ਈਸ਼ਵਰ ਦਾਸ ਸ਼ਾਸਤਰੀ ਜਲੰਧਰ, ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਮੰਡੀ, ਸੰਤ ਗੁਰਚਰਨ ਸਿੰਘ ਮੋਬਾ: 98140-02004,2263888,ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਗੋਨਿ : ਮੰਡੀ ਫ਼ੋਨ : 2262276 ਮੋਬਾ: 98140-35191, ਸ: ਤ੍ਰਿਲੋਚਣ ਸਿੰਘ ਸੇਠੀ ਮੁੰਬਈ।

**ਮੁੱਖ ਸਲਾਹਕਾਰ** : ਸ: ਵਜਿੰਦਰ ਸਿੰਘ ਐਡਵੋਕੇਟ ਅੰਬਾਲਾ, ਸ: ਨਰਿੰਦਰ ਸਿੰਘ 'ਸੋਚ' ਅੰਮ੍ਰਿਤਸਰ, ਸ: ਸੁਰਜਨ ਸਿੰਘ ਘੁਲਿਆਣੀ ਮੋਬਾ: 98140-94817, ਸ੍ਰੀਮਤੀ ਭੂਪਿੰਦਰ ਕੌਰ ਪਤਨੀ ਸ: ਜੀ ·ਐਸ · ਬਜਾਜ ਦਿੱਲੀ, ਸ: ਜਸਪਾਲ ਸਿੰਘ ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ

**ਸੰਪਾਦਕੀ ਬੋਰਡ**

ਪ੍ਰਬੰਧਕੀ ਸੰਪਾਦਕ : ਸਵ: ਭੂਪਿੰਦਰ ਸਿੰਘ 'ਸੇਵਾ ਪੰਥੀ'

ਮੁੱਖ ਸੰਪਾਦਕ : ਚਮਨ ਸਿੰਘ 'ਚਮਨ' Ph.2262152,M.98140-75504

ਸ: ਸੰਪਾਦਕ : ਅਮਰਜੀਤ ਸਿੰਘ "ਮਾਛੀਵਾੜਾ" Ph. 2262051


## ਤਤਕਰਾ


| ਲੋਅ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|
| ਜੇਠਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਗੁਰਮੀਤ ਕੌਰ 'ਮੀਤ' | 2 |
| ਸੰਪਾਦਕੀ | ਚਮਨ ਸਿੰਘ 'ਚਮਨ' | 3 |
| ਪ੍ਰੋਗਰਾਮ ਪ੍ਰਚਾਰ ਯਾਤਰਾ (ਮਹੰਤ ਜੀ) | ਮੈਨੇਜਰ ਇੰਦਰਜੀਤ ਸਿੰਘ ਖੁਰਾਣਾ | 5 |
| ਕਥਾ ਸੁਖਮਨੀ ਸਾਹਿਬ (ਕਿਸਤ ਨੰ: 70) | ਮਹੰਤ ਤੀਰਥ ਸਿੰਘ 'ਸੇਵਾ ਪੰਥੀ | 7 |
| ਸਾਖੀਆਂ ਭਾਈ ਅੱਡਣ ਸ਼ਾਹ ਜੀ | ਕ੍ਰਿਤ ਭਾਈ ਸਹਿਜ ਰਾਮ ਜੀ | 9 |
| ਸੋਹਿਲਾ (ਕਿਸਤ ਨੰ: 45) | ਸੰਤ ਕਾਹਨ ਸਿੰਘ 'ਸੇਵਾ ਪੰਥੀ' | 11 |
| ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ | ਭਾਈ ਨੰਦ ਲਾਲ ਜੀ 'ਗੋਯਾ' | 13 |
| ਅਕਾਲ ਚਲਾਣਾ | ਪ੍ਰਿੰ: ਸਤਬੀਰ ਸਿੰਘ | 14 |
| ਗੁਰੂ ਤੇਗ ਬਹਾਦਰ ਦੀ ਬਾਣੀ ਵਿੱਚ 'ਵੈਰਾਗ' | ਪ੍ਰੋ : ਪਿਆਰਾ ਸਿੰਘ ਪਦਮ | 17 |
| ਸੰਤ ਭੂਪਿੰਦਰ ਸਿੰਘ 'ਸੇਵਾ ਪੰਥੀ' | ਮਹੰਤ ਤੀਰਥ ਸਿੰਘ 'ਸੇਵਾ ਪੰਥੀ | 21 |
| ਚਲੈ ਜਨਮੁ ਸਵਾਰਿ ਵਖਰੁ ਧਰੁ ਲੈ ॥ | ਸੰਤ ਕਾਹਨ ਸਿੰਘ ਜੀ | 22 |
| ਚਮਤਕਾਰੀ ਸ਼ਖਸੀਅਤ | ਜੋਗਿੰਦਰ ਸਿੰਘ 'ਸਾਗਰ' | 24 |
| ਸੇਵਾ ਦੀ ਮੂਰਤ ਤੇ ਕਥਾ ਵਾਚਕ ਸਨ : ਸੰਤ ਭੂਪਿੰਦਰ ਸਿੰਘ | ਕਰਨੈਲ ਸਿੰਘ ਐਮ. ਏ. | 26 |
| ਪ੍ਰਕਾਸ਼ਿਤ ਖਬਰਾਂ ਸਮਾਚਾਰ ਪਤਰਾਂ ਦੀ ਜ਼ੁਬਾਨੀ | ਸਮਾਚਾਰ ਪੱਤਰਾਂ ਵਿੱਚੋਂ | 28 |
| ਸ਼ੋਕ-ਪ੍ਰਸਤਾਵ ਤੇ ਸ਼ੋਕ-ਪੱਤਰ | ਟ੍ਰਸਟਾਂ ਤੇ ਸੰਸਥਾਵਾਂ ਵੱਲੋਂ | 34 |

(1704-2004)

ੴ ਸਤਿਗੁਰ ਪ੍ਰਸਾਦਿ ॥

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਜੇਠਿ

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
ਹਰਿ ਜੇਠਿ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥

| | | | | |
|---|---|---|---|---|
| ਸੰਮਤ ਬਿਕ੍ਰਮੀ | 2060 | ਗੁਰਪੁਰਬ ਤੇ ਵਿਸ਼ੇਸ਼ ਦਿਵਸ | ਮੱਸਿਆ | 1,31 ਮਈ |
| ਸੰਮਤ ਨਾਨਕਸ਼ਾਹੀ | 534 | ਮਈ | ਪੰਚਮੀ | 6 ਮਈ |
| ਸੰਮਤ ਖ਼ਾਲਸਾ | 305 | 2003 | ਸੰਗਰਾਂਦ | 15 ਮਈ |
| ਸੰਮਤ ਸਾਕਾ | 1925 | | ਪੂਰਨਮਾਸ਼ੀ | 16 ਮਈ |

| | | |
|---|---|---|
| ★ ਅਵਤਾਰ ਸ਼੍ਰੀ ਗੁਰੂ ਅੰਗਦ ਦੇਵ ਜੀ | 2 ਮਈ | ਸ਼ੁਕਰਵਾਰ |
| ★ ਅਵਤਾਰ ਸ਼੍ਰੀ ਗੁਰੂ ਅਮਰਦਾਸ ਜੀ | 15 ਮਈ | ਵੀਰਵਾਰ |
| ★ ਗੁਰਿਆਈ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ | 23 ਮਈ | ਸ਼ੁਕਰਵਾਰ |
| ★ ਮਜ਼ਦੂਰ ਦਿਵਸ | 1 ਮਈ | ਵੀਰਵਾਰ |
| ★ ਜਨਮ ਸਾਹਿਬਜ਼ਾਦਾ ਅਜੀਤ ਸਿੰਘ ਜੀ | 5 ਮਈ | ਸੋਮਵਾਰ |
| ★ ਜਨਮਦਿਨ ਸ਼੍ਰੀ ਰਬਿੰਦਰ ਨਾਥ ਟੈਗੋਰ | 7 ਮਈ | ਬੁਧਵਾਰ |
| ★ ਮਹਾਤਮਾ ਬੁੱਧ ਜਯੰਤੀ | 16 ਮਈ | ਸ਼ੁਕਰਵਾਰ |
| ★ ਬਰਸੀ ਸੰਤ ਕ੍ਰਿਪਾਲ ਸਿੰਘ ਜੀ ਗਲੀ ਸਤੋਵਾਲੀ (ਅੰਮਿ:) | 23 ਮਈ | ਸ਼ੁਕਰਵਾਰ |

## ਸੰਪਾਦਕੀ

# ਸੰਤ ਭੂੰਪਿਦਰ ਸਿੰਘ 'ਸੇਵਾ ਪੰਥੀ' ਨੂੰ ਸਮਰਪ੍ਰਿਤ ਵਿਸ਼ੇਸ਼ ਅੰਕ

ਭਾਈ ਘਨੱਈਆ 'ਸੇਵਾ ਜੋਤੀ' ਦਾ ਵਿਸ਼ੇਸ਼ ਅੰਕ ਸੇਵਾ ਜੋਤੀ ਦੇ ਇੰਟਰਨੈੱਟ ਤਥਾ ਪ੍ਰਬੰਧਕੀ ਐਡੀਟਰ ਸੰਤ ਭੁਪਿੰਦਰ ਸਿੰਘ ਜੀ ਨੂੰ ਸਮ੍ਰਪਿਤ ਹੈ। ਜੋ 17 ਅਪ੍ਰੈਲ 2003 ਸਵੇਰੇ ਵੇਲੇ ਡੀ.ਐਮ.ਸੀ ਹਸਪਤਾਲ ਲੁਧਿਆਣਾ ਵਿਖੇ ਅਚਾਨਕ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਦੈਵੀ ਗੁਣਾਂ ਨੇ ਸਭ ਦੇ ਦਿਲ ਮੋਹ ਲਏ ਸਨ। ਉਨ੍ਹਾਂ ਦੀ ਮਧੁਰ ਬੋਲ ਚਾਲ, ਦਿਲਕਸ਼ ਪ੍ਰਵਚਨ, ਸਨਿਮਰ ਸੇਵਾ ਭਾਵ, ਉੱਚ ਸਿਸਟਾਚਾਰੀ ਵਿਹਾਰ ਨੇ ਸਾਰਿਆਂ ਨੂੰ ਕੀਲ ਰੱਖਿਆ ਸੀ। ਉਨ੍ਹਾਂ ਨੂੰ ਕੰਪਿਊਟਰ ,ਫੈਕਸ,ਇੰਟਰਨੈੱਟ ,ਵੈਬਸਾਈਟ ਬਾਰੇ ਪੂਰਾ ਗਿਆਨ ਸੀ। ਉਹ ਗੁਰਬਾਣੀ ਦੇ ਗਿਆਤਾ,ਵਿਦਵਤਾ ਦੇ ਭੰਡਾਰ,ਸੰਗੀਤ ਦੇ ਪੁਜਾਰੀ ਅਤੇ ਕਲਾ ਪ੍ਰੇਮੀ ਸਨ। ਉਨ੍ਹਾਂ ਦੀ ਉਚੀ ਸੁਚੀ ਸੋਚ ਤੇ ਕਲਪਨਾ ਅਸਮਾਨਾਂ ਨੂੰ ਛੂਹਦੀ ਸੀ। ਉਹ ਅਜਿਹੇ ਬੁੱਧੀਜੀਵੀ ਯੁਵਕ ਸਨ ਜਿਨ੍ਹਾਂ ਨੇ ਨਾਮਵਰ ਡਾਕਟਰਾਂ,ਵਕੀਲਾਂ,ਵਿਦਿਆ ਸ਼ਾਸਤਰੀਆਂ ਪ੍ਰਸਿੱਧ ਕੀਰਤਨੀਆਂ ,ਸ਼ਾਸਤਰੀਆਂ ,ਉਦਯੋਗਪਤੀਆਂ ,ਸਕਾਲਰਾਂ, ਗੁਣੀ ਗਿਆਨੀਆਂ,ਉਘੇ ਕਥਾ ਵਾਚਕਾਂ ਨਾਲ ਸਾਝਾਂ ਪਾ ਰੱਖੀਆਂ ਸਨ। ਉਹ ਗੁਰੂ ਤੇਗ ਬਹਾਦਰ ਖਾਲਸਾ ਪੋਲੀਟੈਕਨਿਕ ਅਤੇ ਇੰਸਟੀਚਿਊਟ ਆਫ ਟੈਕਨਾਲੋਜੀ ਛਾਪਿਆਂਵਾਲੀ ਮਲੋਟ ਨੂੰ ਚਲਾਉਣ ਵਾਲੇ ਟ੍ਰਸਟ ਦੇ ਸੈਕਟਰੀ ਸਨ। ਬੜੇ ਧੱੜਲੇ ਨਾਲ ਬੜੀਆਂ ਗੁੰਝਲਾਂ ਹਲ ਕੀਤੀਆਂ।

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੀ ਮੈਨੇਜਿੰਗ ਕਮੇਟੀ ਬਠਿੰਡਾ ਦੇ ਸਹਾਇਕ ਸਕੱਤਰ ਦੇ ਅਹੁਦੇ ਤੇ ਬੜੇ ਉਤਸ਼ਾਹ ਨਾਲ ਸੇਵਾ ਕਮਾ ਰਹੇ ਸਨ। ਸਥਾਨਕ ਭਾਈ ਆਸਾ ਸਿੰਘ ਗਰਲਜ਼ ਕਾਲਿਜ ਅਤੇ ਭਾਈ ਜਗਤਾ ਜੀ ਹਾਈ ਸਕੂਲ ਨੂੰ ਹੋਰ ਉੱਨਤ ਕਰਨ ਲਈ ਦਿਲਚਸਪੀ ਰੱਖਦੇ ਸਨ। ਭਾਈ ਘਨੱਈਆ ਚੌਕ ਬਠਿੰਡਾ ਵਿਖੇ (Statue of Peace) ਅਮਨ ਦੀ ਪ੍ਰਤਿਮਾ ਆਪ ਦੀ ਇੱਕ ਅਦੁੱਤੀ ਦੇਣ ਹੈ। 300 ਸਾਲਾ ਦੀ ਮਲ੍ਹਮ ਦੀ ਡੱਬੀ ਬਖ਼ਸ਼ਿਸ਼ ਸਿੰਬਲ ਉਨ੍ਹਾਂ ਦੀ ਕਲਾ ਕਿਰਤੀ ਦਾ ਨਮੂਨਾ ਹੈ। 300 ਸਾਲਾ ਮਨਾਉਣ ਦਾ ਪ੍ਰੋਗਰਾਮ ਉਲੀਕ ਰਹੇ ਸਨ। ਉਹ ਭਾਈ ਘਨੱਈਆ ਸੇਵਾ ਜੋਤੀ ਨੂੰ ਨਵੀਂ ਰੂਪ ਰੇਖਾ ਦੇਣ ਦੇ ਇਛੁੱਕ ਸਨ। ਉਹਨ੍ਹਾਂ ਦੇ ਮਨ ਵਿੱਚ ਉੱਚ ਪੱਧਰ ਦਾ ਹਸਪਤਾਲ ਅਤੇ ਇਕ ਟੈਕਨੀਕਲ ਇੰਸਟੀਊਟ ਬਨਾਉਣ ਦੀ ਤਮੰਨਾ ਸੀ।

ਸੇਵਾ ਪੰਥੀਆਂ ਦਾ ਅਨਮੋਲ ਰਤਨ ਅਲੋਪ ਹੋ ਗਿਆ। ਅੱਜ ਸਮੂੰਹ ਸਾਧ ਸੰਗਤ ਜਿਨ੍ਹਾਂ ਦਾ ਸਿਮਰਨ ਬਾਰ-ਬਾਰ ਕਰ ਰਹੀਆਂ ਹਨ।

ਸੰਤ ਮਹਾਪੁਰਖ ਵੀ ਉਨ੍ਹਾਂ ਦੀ ਸੋਭਾ ਕਰ ਰਹੇ ਹਨ। ਸੰਤ ਬਾਬਾ ਤੀਰਥ ਸਿੰਘ ਜੀ ਨੇ ਛੋਟੀ ਜਿਹੀ ਪਰ ਬੜੀ ਭਾਵਪੂਰਵਕ ਰਚਨਾ ਦਿੱਤੀ ਹੈ। ਸੰਤ ਭਾਈ ਕਾਹਨ ਸਿੰਘ ਜੀ ਨੇ ਉਨ੍ਹਾਂ ਦੀ ਜੀਵਨੀ ਸੰਬੰਧੀ ਭਰਪੂਰ ਰੋਸ਼ਨੀ ਪਾਈ ਹੈ। ਜੋਗਿੰਦਰ ਸਿੰਘ ਸਾਗਰ ਨੇ ਕਾਵਿਕ ਸ਼ੈਲੀ ਰਾਹੀ ਬੜੀਆਂ ਸੁੰਦਰ ਭਾਵਨਾਵਾਂ ਪ੍ਰਗਟਾਈਆਂ ਹਨ। ਕਰਨੈਲ ਸਿੰਘ ਐਮ.ਏ. ਨੇ ਨੇੜਿਉ ਦੇਖੇ ਭਾਲੇ ਤੇ ਉਨ੍ਹਾਂ ਨਾਲ ਵਿਚਰੇ

ਸੰਤ ਭੁਪਿੰਦਰ ਸਿੰਘ ਜੀ ਬਾਰੇ ਪੂਰਾ ਵਰਨਣ ਦਿੱਤਾ ਹੈ। ਇਹ ਰਚਨਾਵਾਂ ਹਥਲੀ ਸੇਵਾ ਜੋਤੀ ਵਿੱਚ ਪਾਠਕਾਂ ਦੀ ਭੇਟ ਹਨ। ਸੰਤ ਭੁਪਿੰਦਰ ਸਿੰਘ ਜੀ ਦੇ ਅਕਾਲ ਚਲਾਣੇ, ਅੰਤਿਮ ਦਰਸ਼ਨ, ਅੰਤਿਮ ਯਾਤਰਾ, ਅੰਤਿਮ ਸੰਸਕਾਰ ਤੇ ਅੰਤਿਮ ਅਰਦਾਸ ਸੰਬੰਧੀ ਛਪੀਆਂ ਖਬਰਾਂ ਸਮਾਚਾਰ ਪੱਤਰਾਂ ਦੀ ਜ਼ੁਬਾਨੀ ਪੱਤਰਕਾਰਾਂ ਦੇ ਧੰਨਵਾਦ ਸਹਿਤ ਮੂਲ ਰੂਪ ਵਿੱਚ ਅੰਕਿਤ ਕੀਤੀਆਂ ਗਈਆਂ ਹਨ।

ਇਸ ਤੋਂ ਉਪਰੰਤ ਬਹੁਤ ਸਾਰੀਆਂ ਸਿਖਿਆਂ ਸੰਸਥਾਂਵਾਂ ਟਰਸਟਾਂ ਤੇ ਉੱਘੀਆਂ ਸ਼ਖਸੀਅਤਾਂ ਵੱਲੋਂ ਪ੍ਰਾਪਤ ਸ਼ੋਕ-ਪ੍ਰਸਤਾਵ, ਸ਼ੋਕ-ਪੱਤਰ ਵੀ ਸੇਵਾ ਜੋਤੀ ਵਿੱਚ ਪ੍ਰਕਾਸ਼ਿਤ ਕੀਤੇ ਗਏ ਹਨ। ਜਿਨ੍ਹਾਂ ਤੋਂ ਸੰਤ ਭੁਪਿੰਦਰ ਸਿੰਘ ਦੀ ਸ਼ਖਸੀਅਤ ਅਤੇ ਪ੍ਰਤਿਭਾ ਉਜਾਗਰ ਹੋ ਰਹੀ ਹੈ।

ਸੇਵਾ ਪੰਥੀ ਅੱਡਣ ਸ਼ਾਹੀ ਸਭਾ ਦੇ ਸਾਰੇ ਮਹਾਂਪੁਰਖ ਸ਼ਰਧਾਂਜਲੀ ਸਮਾਰੋਹ ਵਿੱਚ ਹਾਜ਼ਿਰ ਸਨ। ਮਹੰਤ ਪਰਮਜੀਤ ਸਿੰਘ ਜੀ, ਰੋਹਤਕ, ਮਹੰਤ ਕਰਮਜੀਤ ਸਿੰਘ ਜੀ ਯਮੁਨਾਨਗਰ, ਮਹੰਤ ਦਿਲਬਾਗ ਸਿੰਘ ਜੀ ਆਨੰਦਪੁਰ ਸਾਹਿਬ, ਸੰਤ ਅਮਰਜੀਤ ਸਿੰਘ ਭੋਲਾ ਨਾਨਕਸਰ ਸੀਘੜਾ ਨੇ ਬੜੀਆਂ ਭਾਵ ਭਿੰਨੀਆਂ ਤੇ ਪ੍ਰਭਾਵਸ਼ਾਲੀ ਸ਼ਰਧਾਂਜਲੀਆਂ ਭੇਟ ਕੀਤੀਆਂ। ਸੰਤ ਭਾਈ ਕਾਹਨ ਸਿੰਘ ਜੀ ਨੇ ਸੰਤ ਮਹਾਂਪੁਰਖਾਂ ਅਤੇ ਸਮੂਹ ਸੰਗਤਾਂ ਦਾ ਬੜੇ ਆਦਰ ਤੇ ਸਤਿਕਾਰ ਨਾਲ ਧੰਨਵਾਦ ਕੀਤਾ! ਜੋਗਿੰਦਰ ਸਿੰਘ ਸਾਗਰ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਮਿਤੀ 21 ਅਪ੍ਰੈਲ 2003 ਨੂੰ ਠੀਕ 2-00 ਵਜੇ ਸਮਾਪਤੀ ਕੀਤੀ ਗਈ।

ਸ਼ਰਧਾਵਾਨ:<br>
ਚਮਨ ਸਿੰਘ 'ਚਮਨ'<br>
ਮੁੱਖ ਸੰਪਾਦਕ

---

**ਸ੍ਰੀ ਮਾਨ ਸੰਤ ਭਾਈ ਕਾਹਨ ਸਿੰਘ ਜੀ 'ਸੇਵਾ ਪੰਥੀ' 29 ਅਪ੍ਰੈਲ 2003 ਤੋਂ 29 ਮਈ 2003 ਤੱਕ ਇੰਗਲੈਂਡ (ਯੂ. ਕੇ) ਲੰਡਨ ਵਿਖੇ ਧਰਮਪ੍ਰਚਾਰ ਕਰਨਗੇ। ਹੇਠ ਲਿਖੇ ਪਤਿਆਂ ਤੇ ਸੰਪਰਕ ਕਰੋ।**

**Harbans Singh Kohli**

11 A, the Riding Ealing W S 3 BT

Rly 0044-208-797-4848

0044 208-991-9469

0044-208-574-3335

Mob. 07930-300394

**Gurbax SIngh Bakshi**

Ph. 0044-208-908-1230

ਇਹ ਭੀ ਅਪਨੋ ਪੰਥ ਪ੍ਰਕਾਸ਼ੈ ॥

Programme Regarding Foreign Tour Undertaken By

# Shriman Saint Baba Tirath Singh Ji

*Sewa Panthi'*

*May to August 2003*

*Tikana Bhai Jagta Ji Sahib, Goniana Mandi Bathinda (Pb.)*

*S.T.D. Code : 0164 Phone : 2262012, 2262051, 2263000*

*Fax. : 2262657 Mobile : 98140-32957 , Gurcharan Singh Sewadar 98140-02004 (India)*

*International Mobile : 917-470-5400 for U.S.A.*

| Date | City | Address |
|---|---|---|
| | | **ਪ੍ਰੋਗਰਾਮ ਪ੍ਰਚਾਰ ਯਾਤਰਾ (ਭਾਰਤ) ਮਈ 2003** |
| 1-5-2003 | ਜਲੰਧਰ | ਸਮਾਗਮ, (ਰਾਤ)<br>ਭਾਈ ਘਨੱਈਆ ਸੇਵਾ ਸੁਸਾਇਟੀ<br>ਗੁਰਦੁਆਰਾ ਸੈਂਟਰਲ ਟਾਊਨ<br>ਗਿ. ਤੇਜਿੰਦਰ ਸਿੰਘ |
| 3-5-2003 | ਲੁਧਿਆਣਾ | ਸ਼ਗਨ ਕਾਕਾ ਗੁਰਪ੍ਰੀਤ ਸਿੰਘ<br>ਪੁੱਤਰ ਸ. ਅਮਰ ਸਿੰਘ ਗੋਗੀਆ<br>ਗੁਰੂ ਹਰਗੋਬਿੰਦ ਨਗਰ<br>ਗਲੀ ਨੰ 11, Ph. 2602601 |
| 11-5-2003 | ਲੁਧਿਆਣਾ | ਪਾਠ ਸਮਾਪਤੀ (ਮਹੂਰਤ ਫੈਕਟਰੀ)<br>ਸ. ਜਮੀਤ ਸਿੰਘ ਮੱਕੜ<br>ਬੀ. ਐਸ. ਬਰਦਜ਼ ਇੰਡ:<br>ਫੈਕਟਰੀ ਨੰ 180-181-182<br>ਸਿੰਗਲਾ ਰੋਡ, ਸਾਮ੍ਹਣੇ ਢੰਡਾਰੀ<br>ਰੇਲਵੇ ਸਟੇਸ਼ਨ ।Mob. 98140-77825,98142-77825 |
| 15 -5-2003 | | ਗੋਨਿਆਣਾ ਭਾਈ ਜਗਤਾ ਵਿੱਖੇ ਸੰਗਰਾਂਦ ਦਾ ਮਾਸਿਕ ਸਮਾਗਮ |
| 18-5-2003 | New York | **BHOG AKHAND PATH**<br>Mr. Rajinder Singh Channa<br>1, John Todd way Redding Ct.06896<br>Ph. 203-938-0621 |
| 24-5-2003 | New York | **ANAND KARAJ**<br>Kaka Jasmin Singh<br>S/o Mr. Rajinder Singh Channa<br>(Mata Sahib Kaur Gurdwara)<br>100, Lattiangon Road,Glenlove-NY-11542 |

| | | | |
|---|---|---|---|
| 24-5-2003 to 25-6-2003 | New York | 1. | S. MANVINDER SINGH SAWHNEY<br>Gurudwara Guru Teg Bahadur Foundation Nor Walk, Connecticut, U.S.A.<br>Ph..203-857-4460, 203-838-9411<br>203-762-7275 (R) |
| | | 2. | S. GURMIT SINGH CHADDA<br>Phone : 201-933-5764 |
| | | 3. | S. ATMA SINGH<br>Phone : 516-781-8126 (Resi.)<br>718-937-7710 (Offi.) |
| 26-6-2003 to 2-7-2003 | Washington | | KAMAL BAJAJ,<br>DR. KULJIT SINGH BAJAJ<br>Phone : 301-983-0337 (Resi.)<br>301-214-0777 (Offi.)<br>Fax : 301-664-6772<br>Phone : 516-781-8126 (Resi.) |
| 2-7-2003 to 10-7-2003 | Atlanta | 1. | S. DALJIT SINGH KALRA,<br>BAKSHISH KAUR<br>Phone : 001-770-578-6835 |
| | | 2. | S. JEET SINGH, AMARJIT K.CHAHAL<br>Phone : 001-770-381-5931<br>001-201-464-0307 |
| | | 3. | S. JATINDER SINGH,<br>NARINDER KAUR<br>Ph : 404-939-8690, 404-939-6596<br>770-973-9975 |
| 10-7-2003 to 14-7-2003 | Miami | | Floreda |
| 14-7-2003 to 21-7-2003 | Detriot | | S. TEJINDER SINGH CHHATWAL<br>DR. PARABHJIT KAUR CHHATWAL<br>Phone : 248-810-553-8478 |
| 21-7-2003 to 25-7-2003 | Milwaukee | | DR. SARABJIT SINGH SANDHU<br>Ph :414-783-4109<br>Ph :203-325-2102, 718-651-4523 |
| 25-7-2003 to 2-8-2003 | (San Francisco) | | MR. AMARJIT SINGH SETHI<br>Phone : 510-223-5878,<br>510-223-6166 |
| 3-8-2003 to 10-8-2003 | California | | S. SANTOKH SINGH (Los Angels)<br>Raseeda-19027 Cent Qui Street<br>Ph. 818-988-6666,818-988-6044 |

ਲੜੀਵਾਰ ਕਥਾ

# ਸੁਖਮਨੀ ਸਾਹਿਬ

- ਤੀਰਥ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਲੋਕੁ ॥

ਉਰਿ ਧਾਰੈ ਜੋ ਅੰਤਰਿ ਨਾਮੁ ॥
ਸਰਬ ਮੈ ਪੇਖੈ ਭਗਵਾਨੁ ॥
ਨਿਮਖ ਨਿਮਖ ਠਾਕੁਰ ਨਮਸਕਾਰੈ ॥
ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥੧॥

ਅਸਟਪਦੀ ॥

ਮਿਥਿਆ ਨਾਹੀ ਰਸਨਾ ਪਰਸ ॥
ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥
ਸਾਧ ਕੀ ਟਹਲ ਸੰਤ ਸੰਗਿ ਹੇਤ ॥
ਕਰਨ ਨ ਸੁਨੈ ਕਾਹੂ ਕੀ ਨਿੰਦਾ ॥
ਸਭ ਤੇ ਜਾਨੈ ਆਪਸ ਕਉ ਮੰਦਾ ॥
ਗੁਰ ਪ੍ਰਸਾਦਿ ਬਿਖਿਆ ਪਰਹਰੈ ॥
ਮਨ ਕੀ ਬਾਸਨਾ ਮਨ ਤੇ ਟਰੈ ॥
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥
ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥

ਉਰਿ ਧਾਰੈ ਜੋ ਅੰਤਰਿ ਨਾਮੁ ॥ ਸਰਬ ਮੈ ਪੇਖੈ ਭਗਵਾਨੁ ॥

ਨਿਮਖ ਨਿਮਖ ਠਾਕੁਰ ਨਮਸਕਾਰੈ ॥ ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥੧॥

**ਅਰਥ** :- ਜੋ ਆਦਮੀ ਆਪਣੇ ਹਿਰਦੇ ਵਿੱਚ ਨਾਮ ਨੂੰ ਧਾਰਨ ਕਰਦਾ ਹੈ ਅਤੇ ਸਭਨਾ ਜੀਵਾਂ ਵਿੱਚ ਅਕਾਲ ਪੁਰਖ ਨੂੰ ਪਰੀ ਪੂਰਨ ਦੇਖਦਾ ਹੈ। ਹਰੇਕ ਸਮੇਂ ਵਿੱਚ ਪਰਮਾਤਮਾ ਨੂੰ ਨਮਸਕਾਰ ਕਰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਉਹੀ **ਅਪਰਸੁ** -ਮਹਾਤਮਾ ਸਾਰਿਆਂ ਨੂੰ ਤਾਰ ਲੈਂਦਾ ਹੈ।

ਮਿਥਿਆ ਨਾਹੀ ਰਸਨਾ ਪਰਸ ॥

ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥

**ਅਰਥ** :- ਗੁਰੂ ਜੀ ਫਰਮਾਉਂਦੇ ਹਨ ਕਿ ਜੋ ਰਸਨਾ ਨੂੰ ਝੂਠ ਨਾਲ ਛੂਹਣ ਨਹੀਂ ਦਿੰਦਾ। ਮਨ ਵਿੱਚ ਨਿਰੰਜਨ-ਪਰਮਾਤਮਾ ਦੇ ਦਰਸ਼ਨ ਦੀ ਪ੍ਰੀਤ ਰੱਖਦਾ ਹੈ।

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥

ਸਾਧ ਕੀ ਟਹਲ ਸੰਤ ਸੰਗਿ ਹੇਤ ॥

**ਅਰਥ** :- ਪਰਾਈ ਇਸਤਰੀ ਦੇ ਸੁੰਦਰ ਰੂਪ ਨੂੰ ਵਿਸ਼ੇ ਭਾਵਨਾ ਕਰਕੇ ਨੇਤ੍ਰ-ਅੱਖਾਂ ਨਾਲ ਨਹੀਂ ਦੇਖਦਾ। ਸਾਧਾਂ ਦੀ ਟਹਲ ਕਰਦਾ ਹੈ ਤੇ ਸੰਤਾਂ ਨਾਲ ਹੇਤ-ਪ੍ਰੇਮ ਕਰਦਾ ਹੈ

ਕਰਨ ਨ ਸੁਨੈ ਕਾਹੂ ਕੀ ਨਿੰਦਾ ॥

ਸਭ ਤੇ ਜਾਨੈ ਆਪਸ ਕਉ ਮੰਦਾ ॥

**ਅਰਥ** :- ਕਰਨ- ਕੰਨਾਂ ਨਾਲ ਕਿਸੇ ਦੀ ਨਿੰਦਿਆਂ ਨਹੀਂ ਸੁਣਦਾ। ਸਗੋਂ ਆਪਣੇ ਆਪ ਨੂੰ ਸਭ ਨਾਲੋਂ ਮਾੜਾ ਜਾਣਦਾ ਹੈ। (ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭ ਕੋਇ ॥ ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥)

ਗੁਰ ਪ੍ਰਸਾਦਿ ਬਿਖਿਆ ਪਰਹਰੈ ॥

ਮਨ ਕੀ ਬਾਸਨਾ ਮਨ ਤੇ ਟਰੈ ॥

**ਅਰਥ** :- ਗੁਰੂ ਦੀ ਕਿਰਪਾ ਨਾਲ ਵਿਸ਼ਿਆਂ ਨੂੰ **ਪਰਹਰੈ**-ਦੂਰ ਤਿਆਗਦਾ ਹੈ। ਜਿਸ ਦੀ ਸਗਲ ਮਨੋ ਵਾਸਨਾਂ ਮਨ ਤੋਂ ਟਲ ਜਾਂਦੀ ਹੈ। ਭਾਵ ਮਨ ਦੀਆਂ ਖੋਟੀਆਂ ਵਾਸਨਾਵਾਂ ਨੂੰ ਮਨ 'ਚੋ ਦੂਰ ਕਰਦਾ ਹੈ।

ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥

ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥

**ਅਰਥ** :- ਗੁਰੂ ਜੀ ਫੁਰਮਾਉਂਦੇ ਹਨ ਕਿ ਜੋ ਇੰਦ੍ਰੈ ਜਿਤ ਹੈ ਭਾਵ ਇੰਦ੍ਰੀਆਂ ਨੂੰ ਕਾਬੂ ਰੱਖਦਾ ਹੈ, ਅਤੇ ਕਾਮ ਆਦਿ ਪੰਜ ਦੋਸ਼ਾਂ ਤੋ ਰਹਿਤ ਹੈ। ਐਸਾ ਪੁਰਖ ਅਪਰਸ ਕਹਾਉਣ ਦੇ ਲਾਇਕ ਕ੍ਰੋੜਾਂ ਵਿੱਚੋਂ ਕੋਈ ਇਕ ਹੀ ਹੁੰਦਾ ਹੈ।

(ਚਲਦਾ ....)

# ਸਾਖੀਆਂ ਭਾਈ ਅੱਡਣ ਸ਼ਾਹ ਜੀ

-ਕ੍ਰਿਤ ਭਾਈ ਸਹਿਜ ਰਾਮ ਜੀ 'ਸੇਵਾ ਪੰਥੀ'

## ਚੰਦਨ ਦਾ ਬਗੀਚਾ ਦੇਣਾ

ਸਾਧ ਕਹਿੰਤੇ ਹੈ- ਅਬ ਸੁਣੋ ਭਾਈ ! ਰਾਜੇ ਕੀ ਕਥਾ ਚਲੀ ਹੈ । ਏਕ ਰਾਜਾ ਥਾ, ਕਿਸੀ ਦੇਸ ਕਾ । ਓਹੁ ਰਾਜਾ ਸ਼ਿਕਾਰ ਕੋ ਚਲਾ । ਤਬ ਜਾਤੇ ਜਾਤੇ ਬਡੀ ਉਜਾੜ ਮੇਂ ਜਾਇ ਨਿਕਸਿਆ । ਨਿਰਜਲ ਅਸਥਾਨ ਥਾ । ਤਹਾਂ ਤਿਸ ਕੋ ਰਾਤ ਪੜਨੇ ਪਰ ਹੂਈ ਅਰ ਤ੍ਰਿਖਾ ਆਨ ਬਿਆਪੀ । ਤਹਾਂ ਉਜਾੜ ਮੇਂ ਏਕ ਕੂਪ ਤਿਸ ਨੇ ਚਲਤਾ ਸੁਨਾ । ਤਿਸ ਖੂਹੇ ਵਗਤੇ ਕੀ ਅਵਾਜ਼ ਸੁਨ ਕਰ ਓਹੁ ਊਹਾ ਜਾਇ ਪਹੁਚਿਆ ਅਰ ਜਾਇ ਕਰ ਤਿਸ ਨੇ ਜਲਪਾਨ ਕੀਆ । ਫੇਰ ਰਾਤ ਕੋ ਉਸੀ ਕੂਪ ਕੇ ਊਪਰ ਰਹਿ ਪੜਾ, ਉਨ ਸਿਉਂ ਰਾਜਾ ਪੂਛਤਾ ਭਇਆ-'ਇਹੁ ਖੂਹ ਕਿਸ ਕਾ ਹੈ ? ਉਨ੍ਹਾਂ ਨੇ ਕਹਿਆ-'ਜੀ, ਬਾਢੀ ਲੋਗ ਹੈ, ਉਨ ਕਾ ਖੂਹਾ ਹੈ । ਰਾਜਾ ਊਹਾਂ ਹੀ ਰਾਤ ਕੋ ਰਹਿ ਪੜਾ । ਤਬ ਰਾਜਾ ਜੋ ਉਨੋਂ ਨੇ ਰਾਤਿ ਕੋ ਸੁਖੀ ਰਾਖਿਆ ਥਾ । ਇਤ ਕਰ ਇਹੁ ਬਾਤ ਰਾਜਾ ਉਨ ਕੋ ਆਖ ਕਰ ਜਾਤਾ ਰਹਾ । ਜਬ ਤੁਮ ਕੋ ਕਿਸੀ ਬਾਤ ਕੀ ਲੋੜਿ ਚਾਹ ਹੋਵੈ, ਤੋ ਹਮਾਰੇ ਪਾਸ ਤੁਮ ਨੇ ਆਇ ਜਾਣਾ । ਤਬ ਇਹ ਬਾਤ ਰਾਜੇ ਕੀ ਉਨੋਂ ਨੇ ਮੰਨ ਲੀਨੀ, ਚਿਤ ਮੇਂ ਰਾਖੀ । ਜਬ ਕਿਸੀ ਬਾਤ ਕੀ ਲੋੜ ਹੋਵੈਗੀ । ਤਬ ਜਾਇ ਫਿਰਹਿਗੇ । ਜਬ ਕੇਤੇ ਬਰਸ ਬੀਤੇ । ਤਬ ਉਸ ਦੇਸ ਮੈਂ ਕਾਲ ਪੜਿ ਗਇਆ । ਮੇਘ ਕੀ ਬਰਖਾ ਬਿਨਾਂ ਘਾਸ ਪਤਾ ਹੋਣੇ ਸੇ ਰਹਿ ਗਇਆ । ਸੋ ਪਸ਼ੂ ਆਦਿਕ ਜੋ ਹੈ ਢੋਰ । ਸੋ ਘਾਸ ਬਿਨਾ ਮਿਰਤੁ ਹੋਇ ਜਾਤੇ ਹੈ । ਜਬ ਬਹੁਤ ਹੀ ਊਪਰ ਸਿਉ ਰੋੜਾ ਲਾਗਾ । ਤਬ ਪਸ਼ੂ ਉਨ ਕੇ ਮਿਰਤੁ ਹੋਇ ਗਏ । ਹਲ ਆਦਿਕ ਜੋ ਚਲਤੇ ਹੈਂ । ਸੋ ਪਸ਼ੂਓ ਕੇ ਸਾਥ ਚਲਤੇ ਹੈਂ । ਪਸ਼ੂਆਂ ਬਿਨਾਂ ਖੇਤੀ ਪਤੀ ਹੋਣੇ ਸੇ ਰਹਿ ਗਈ । ਜਬ ਉਸ ਰਾਜਾ ਕੀ ਬਾਤ ਉਨ ਕੋ ਚਿਤ ਆਇ ਪੜੀ । ਤਬ ਓਹੁ ਆਵਤੇ ਆਵਤੇ ਕੇਤੇ ਦਿਨੋਂ ਮੇਂ ਰਾਜਾ ਕੇ ਦੇਸ਼ ਆਇ ਪਹੁੰਚੇ । ਤਬ ਰਾਜਾ ਨੇ ਓਹੁ ਪਛਾਣ ਲੀਏ । ਓਹੀ ਹੈਂ ਜਿਸ ਕੇ ਪਾਸ ਹਮ ਰੈਣ ਬਿਤਾ ਆਇ ਥੇ । ਤਬ ਰਾਜਾ ਨੇ ਉਨ ਕਾ ਵਡਾ ਆਦਰ ਕੀਆ ਅਰ ਆਵਤਿਆਂ ਹੀ ਕੋ ਏਕ ਚੰਦਨ ਕਾ ਬਾਗ ਉਨਕੋ ਦੇ ਦੀਆ ਜੋ ਈਹਾਂ ਹੀ ਤੁਮ ਰਹੋ । ਤਬ ਬਾਢੀ ਊਹਾਂ ਰਹਿਣੇ ਲਗੇ । ਕੁਹਾੜੇ ਆਦਿਕ ਔਰ ਹਥੀਆਰ ਉਨ ਕੇ ਪਾਸ ਥੇ । ਬਾਗ ਕੋਂ ਕਾਟਹਿ ਅਰ ਕੋਇਲੇ ਕਰ ਕਰ ਬੇਚਿ ਆਵਹਿ । ਤਬ ਇਸੀ ਤਰ੍ਹਾਂ ਹੋਤਿਆਂ ਹੋਤਿਆਂ ਸਾਰਾ ਹੀ ਬਾਗ ਉਨੋ ਨੇ ਕਾਟ ਡਾਲਿਆ, ਤਬ ਫੇਰ ਭੂਖੇ ਮਰਣੇ ਲਾਗੇ । ਤਬ ਸ਼ਹਿਰ ਮੇਂ ਜਾਇ ਕਰ ਉਨ੍ਹਾਂ ਨੇ ਬਾਰਤਾ ਚਲਾਈ : ਰਾਜਾ ਨੇ ਹਮਾਰੇ ਜੋ ਬਾਗ ਦੀਆ ਥਾ, ਉਸ ਬਾਗ ਕੇ ਹਮ ਨੇ ਮੁਢ ਭੀ ਉਖੇ

ੜ ਕਰ ਕੋਇਲੇ ਕਰ ਬੇਚ ਡਾਰੇ । ਅਬ ਤੋ ਲੱਕੜ ਕਹੀ ਨੇਰੇ ਰਹੀ ਨਾਹੀ । ਹਮ ਗੁਜ਼ਰਾਨ ਕਹਾਂ ਸਿਉ ਕਰੇਂਗੇ ? ਜਬ ਏਤੀ ਬਾਤ ਉਸ ਨੇ ਕਹੀ, ਤਬ ਉਸ ਬੈਪਾਰੀ ਕੀ ਦ੍ਰਿਸ਼ਟਿ ਉਸ ਕੇ ਕੁਹਾੜੇ ਕੇ ਦਸਤੇ ਕੀ ਤਰਫ ਜਾਇ ਪੜੀ । ਉਸ ਪਛਾਣਿਆ ਜੋ ਇਹੁ ਦਸਤਾ ਬਾਵਨ ਚੰਦਨ ਕਾ ਹੈ ? ਤਬ ਉਸ ਬੈਪਾਰੀ ਕਹਾ-ਜੋ ਏਹੁ ਦਸਤਾ, ਤੁਮ ਬੇਚਤੇ ਹਹੁ ? ਉਸ ਕਹਿਆ-ਜੀ, ਇਸ ਕਾ ਕਿਆ ਦੇਵੋਗੇ ? ਤਬ ਉਸ ਬੈਪਾਰੀ ਕਹਿਆ - ਜੋ ਇਸ ਕੇ ਤੁਮ ਏਕ ਜਣਾ ਰੈਣ ਪਰਜੰਤ ਰੁਪਈਆ ਕੀਆਂ ਪੰਡਾਂ ਢੋਇ ਲੇਵਹੁ । ਮੈਂ ਕੋਠਾ ਮਾਇਆ ਕਾ ਖੋਲਿ ਦੇਤਾ ਹੂੰ । ਇਸ ਦਸਤੇ ਕਾ ਏਤਾ ਮੋਲ ਹੈ । ਤਬ ਓਹੁ ਦਸਤਾ ਕੁਹਾੜੇ ਸਿਉ ਉਨੋਂ ਨੇ ਉਤਾਰ ਦੀਆ ਅਰੁ ਦਰਬ ਪੰਡ ਬੰਧ ਕਰ ਤੁਰ ਪੜੇ ਫੇਰ ਆਇ ਕਰ ਪੰਡ ਬੰਧ ਲੇ ਗਇਆ । ਫੇਰ ਆਇ ਕਰ ਲੇ ਗਇਆ । ਤਬ ਓਹੁ ਬਾਢੀ ਢੋਵੈ ਅਰ ਰੋਵੈ । ਕਹੇ ਜੇ ਮੈ ਜਾਣਤਾ, ਜੋ ਐਸੇ ਮੋਲ ਕੇ ਦ੍ਰਖਤ ਥੇ । ਤਬ ਮੈਂ ਕਾਹੇ ਕੋ ਕੋਇਲੇ ਕਰਤਾ ? ਇਹੁ ਹੂਆ ਦ੍ਰਿਸਟਾਂਤ । ਅਰ ਦਾ ਦ੍ਰਿਸ਼ਟਾਂਤ ਇਸ ਕਾ ਇਹ ਹੈ- ਜੋ ਮਾਨੁਖ ਦੇਹ ਰੂਪੀ ਬਾਗ ਇਸ ਕੇ ਹਾਥ ਆਇਆ ਹੈ । ਪਰਮੇਸ਼ੁਰ ਇਸ ਮਾਨੁਖ ਦੇਹ ਰੂਪੀ ਬਾਗ ਦਾ ਦਾਤਾ ਹੈ । ਸ੍ਵਾਸ ਜੋ ਇਸ ਮਾਨੁਖ ਦੇਹ ਮੇ ਹੈ । ਸੋਈ ਬਾਵਨ ਚੰਦਨ ਕਾ ਬਿਰਛ ਹੈ । ਸੋ ਇਹ ਪ੍ਰਾਣੀ ਪਾਪਾਂ ਰੂਪੀ ਅਗਨਿ ਪਾਇ ਕਰ ਸਾਸ ਕੋ ਪੜਾ ਜਲਾਵਤਾ ਹੈ । ਜਿਹਬਾ ਇਸ ਕੀ ਕੁਹਾੜੀ ਹੈ ਅਰ ਸ੍ਵਾਸ ਜੋ ਹੈ, ਸੋਈ ਦਸਤਾ ਲਗਾ ਹੂਆ ਹੈ । ਸੋ ਅਉਰ ਸ੍ਵਾਸਾਂ ਕੀ ਮਹਿਮਾਂ ਕਹੀ ਤੋ ਨਹੀਂ ਜਾਤੀ । ਪਰ ਏਕ ਅੰਤ ਕਾ ਸ੍ਵਾਸ ਜੋ ਹੈ । ਜਬ ਤਿਸ ਕਾ ਮੋਲ ਭੀ ਪੜ ਜਾਏ । ਤਬ ਜਨਮ ਮਰਣ ਕੇ ਬੰਧਨ ਤੇ ਛੂਟ ਜਾਤਾ ਹੈ । ਜੈਸੇ ਏਕ ਕੁਹਾੜੇ ਮੇਂ ਦਸਤੇ ਕੇ ਮੋਲ ਕਰ ਓਹ ਬਾਢੀ ਧਨੀ ਹੋਏ ਗਏ । ਤੈਸੇ ਇਸ ਪ੍ਰਾਣੀ ਕੇ ਅੰਤ ਕੇ ਸ੍ਵਾਸ ਕਾ ਮੋਲ ਪੜ ਜਾਏ, ਤੋ ਸਰਬ ਸੰਸਾਰ ਚੌਰਾਸੀਹ ਲਖ ਜੀਆਂ ਜੋਨਿ ਕੇ ਦੁਖਾਂ ਬੀ ਰਹਿਤ ਹੋਇ ਜਾਤਾ ਹੈ । ਸੋ ਏਸ ਕਥਾ ਕੀ ਸਾਖ (ਗੁਰੂ) ਗ੍ਰੰਥ (ਸਾਹਿਬ) ਜੀ ਭੀ ਦੇਤਾ ਹੈ-

ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥
ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥

ਸੋ ਉਸ ਅਜਾਮਲ ਕੀ ਔਰ ਸਮੂਹ ਆਰਜ਼ਾ ਪਾਪਾਂ ਮੇਂ ਬੀਤੀ ਥੀ । ਪਰ ਏਕ ਅੰਤ ਕੇ ਸ੍ਵਾਸ ਕਾ ਜੋ ਮੋਲ ਪੜ ਗਇਆ । ਇਤਕਰ ਸੰਸਾਰ ਭਉਜਲ ਸਿਉ ਪਾਰ ਹੋਇ ਗਇਆ । ਮੁਕਤ ਪਦਵੀ ਕੋ ਪ੍ਰਾਪਤਿ ਹੂਆ । ਕੋਈ ਉਸ ਨੇ ਪ੍ਰੀਤ ਕਰ ਭੀ ਨ ਥਾ ਜਪਿਆ ਪੁਤ੍ਰ ਕੇ ਹੇਤ ਕਰ ਜਾਪਿਆ ਥਾ । ਜੋ ਪ੍ਰੀਤ ਪੂਰਬਕ ਹੋਇ ਕਰ ਜਪਤੇ ਹੈ । ਤਿਨ ਕੀ ਕਿਆ ਮਹਿਮਾ ਕਹੀ ਜਾਵੇ ॥

◆◆◆

ਲੜੀਵਾਰ ਕਥਾ

# ਸੋਹਿਲਾ ॥

- ਸੰਤ ਕਾਹਨ ਸਿੰਘ 'ਸੇਵਾ ਪੰਥੀ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ।

ਛਿਅ ਘਰ ਛਿਅ ਗੁਰ ਛਿਅ ਉਪਦੇਸ ॥
ਗੁਰੁ ਗੁਰੁ ਏਕੋ ਵੇਸ ਅਨੇਕ ॥
ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥
ਸੋ ਘਰੁ ਰਾਖੁ ਵਡਾਈ ਤੋਇ ॥ਰਹਾਉ॥
ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥
ਸੂਰਜੁ ਏਕੋ ਰੁਤਿ ਅਨੇਕ ॥
ਨਾਨਕ ਕਰਤੇ ਕੇ ਕੇਤੇ ਵੇਸ ॥

**ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥**

**ਪਦ ਅਰਥ :- ਛਿਅ ਘਰਿ-** ਛੇ ਸ਼ਾਸਤਰ। ਹਿੰਦੂ ਧਰਮ ਦੇ ਛੇ ਧਰਮ- ਗ੍ਰੰਥ (ਸ਼ਾਖ, ਨਿਆਇ, ਵੈਸ਼ੇਸ਼ਿਕ, ਯੋਗ, ਮੀਮਾਂਸਾ, ਵੇਦਾਂਤ) ਜਿਨ੍ਹਾਂ ਵਿਚ ਸ੍ਰਿਸ਼ਟੀ ਦੀ ਰਚਨਾ ਤੇ ਰਚਨਕਾਰ ਦਾ ਕਥਨ ਹੈ। **ਛਿਅ ਗੁਰ-** ਇਨ੍ਹਾਂ ਸ਼ਾਸ਼ਤਰਾਂ ਦੇ ਰਚਨ ਵਾਲੇ ਗੁਰੂ ਵੀ ਛੇ ਹਨ ਜਿਵੇਂ ਸਾਂਖ ਸ਼ਾਸ਼ਤ੍ਰ ਦਾ ਕਰਤਾ ਕਪਿਲ ਮੁਨੀ ਹੈ। ਨਿਆਇ ਦਾ ਕਰਤਾ ਗੌਤਮ ਮੁਨੀ ਹੈ। ਵੈਸ਼ੇਸ਼ਿਕ ਦਾ ਕਰਤਾ ਕਨਾਦ ਮੁਨੀ ਹੈ। ਮੀਮਾਂਸਾ ਦਾ ਕਰਤਾ ਜੈਮਨ ਮੁਨੀ ਹੈ। ਯੋਗ ਸ਼ਾਸ਼ਤਰ ਦਾ ਕਰਤਾ ਪਤੰਜਲ ਮੁਨੀ ਹੈ। ਵੇਦਾਂਤ ਦਾ ਕਰਤਾ ਵਿਆਸ ਰਿਖੀ ਹੈ । **ਛੇ ਉਪਦੇਸ਼ -**ਛੇ ਹੀ ਸਿਧਾਂਤ ਹਨ। (ਹੇ ਭਾਈ) ਛੇ ਸ਼ਾਸਤਰ (ਧਰਮ ਪੁਸਤਕਾਂ) ਹਨ ਤੇ ਛੇ ਹੀ ਇਹਨਾਂ ਸ਼ਾਸਤਰਾਂ ਦੇ ਰਚਨ ਵਾਲੇ ਹਨ। ਛੇ ਹੀ ਇਹਨਾਂ ਦੇ ਸਿਧਾਂਤ ਹਨ ਪਰ ਛੇਆਂ ਸ਼ਾਸ਼ਤਰਾਂ ਤੇ ਇਨ੍ਹਾਂ ਦੇ ਰਚਨ ਵਾਲਿਆਂ ਦਾ ਮੁਖੀ (ਗੁਰੂ) ਪ੍ਰਮਾਤਮਾ ਇਕ ਹੈ, ਸਾਰਿਆਂ ਦੀ ਉੱਤਪਤੀ ਕਰਨ ਵਾਲਾ ਤੇ ਗਿਆਨ ਦਾਤਾ ਇੱਕ ਅਕਾਲ ਪੁਰਖ ਹੈ। ਇਹ ਸਾਰੇ ਸਿਧਾਂਤ ਉਸ ਇਕ ਪ੍ਰਭੂ ਦੇ ਅਨੇਕਾਂ ਵੇਸ (ਪ੍ਰਗਟਾਉਂਦੇ) ਹਨ। ਇਸ ਪ੍ਰਕਾਰ ਇਨ੍ਹਾਂ ਸਾਰਿਆਂ ਗ੍ਰੰਥਾਂ ਦੇ ਗਿਆਨ

ਪ੍ਰਕਾਸ਼ ਦਾ ਕੇਂਦਰ ਇਕ ਪ੍ਰਮਾਤਮਾ ਹੀ ਹੈ।

**ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥**
**ਸੋ ਘਰੁ ਰਾਖੁ ਵਡਾਈ ਤੋਇ ॥**

**ਪਦ ਅਰਥ- ਜੈ ਘਰਿ** - ਜਿਸ ਧਰਮ ਪੁਸਤਕ (ਘਰ) ਵਿਚ।

ਨੋਟ: ਧਰਮ ਪੁਸਤਕਾਂ ਪ੍ਰਮੇਸ਼ਵਰ ਦੇ ਗਿਆਨ ਦਾ ਘਰ ਹਨ।

**ਅਰਥ-** ਹੇ ਭਾਈ! ਜਿਸ ਸ਼ਾਸ਼ਤਰ ਜਾਂ ਧਰਮ ਪੁਸਤਕ ਵਿੱਚ ਸ੍ਰਿਸ਼ਟੀ ਦੇ ਰਚਨਹਾਰ ਪ੍ਰਮਾਤਮਾ ਦੀ ਵਡਿਆਈ ਕਥਨ ਕੀਤੀ ਹੋਵੇ, ਉਸ ਘਰ ਭਾਵ ਧਰਮ ਪੁਸਤਕ ਦੇ ਉਪਦੇਸ਼ ਨੂੰ ਹਿਰਦੇ ਵਿੱਚ ਸੰਭਾਲ ਰੱਖ ਅਤੇ ਉਸ ਸਿੱਖਿਆ ਅਨੁਸਾਰ ਪ੍ਰਮਾਤਮਾ ਦੀ ਭਗਤੀ ਕਰਨਾ ਕਰ। ਇਸੇ ਵਿੱਚ ਤੇਰੀ ਭਲਾਈ ਹੈ, ਸ਼ੋਭਾ ਹੈ।

**ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ।**

**ਅਰਥ-** ਜਿਵੇਂ ਮੌਜੂਦਾ ਸਮੇਂ ਟਾਈਮ ਦਾ ਹਿਸਾਬ ਕਰਨ ਲਈ ਸੈਕਿੰਡ ਮਿੰਟ ਘੰਟੇ ਗਿਣੇ ਜਾਂਦੇ ਹਨ। ਇਸੇ ਤਰ੍ਹਾਂ ਪਿਛਲੇ ਸਮੇਂ ਵਿੱਚ ਟਾਈਮ ਦਾ ਹਿਸਾਬ ਕਰਨ ਲਈ **ਵਿਸੁਏ ਚਸਿਆ** ਕਰਕੇ ਟਾਈਮ ਦੀ ਵੰਡ ਕੀਤੀ ਜਾਂਦੀ ਸੀ। ਜਿਵੇਂ ਇੱਕ ਵਾਰ ਅੱਖ ਖੋਲਣ ਤੇ ਮੀਚਣ ਦੇ ਸਮੇਂ ਨੂੰ ਨਿਮਖ ਕਹਿੰਦੇ ਹਨ। ਪੰਦਰਾਂ ਨਿਮਖਾਂ ਦਾ ਇਕ ਵਿਸਵਾ, ੧੫ ਵਿਸਵਾ ਦਾ ਇਕ ਚਸਾ ਤੇ 30 ਚਸਿਆਂ ਦਾ ਇਕ ਪਲ ੬੦ ਪਲਾਂ ਦੀ ਇੱਕ ਘੜੀ ਤੇ 7.5 ਘੜੀਆਂ ਦਾ ਇੱਕ ਪਹਿਰ ਤੇ ਅੱਠ ਪਹਿਰਾਂ ਦਾ ਇੱਕ ਦਿਨ-ਰਾਤ ਹੁੰਦੇ ਹਨ। ਪੁਰਾਤਨ ਸਮੇਂ ਦੀ ਵੰਡ ਅਨੁਸਾਰ 15 ਥਿਤਾਂ, 7 ਵਾਰ, 12 ਮਹੀਨੇ ਅਤੇ ਛੇ ਰੁੱਤਾਂ ਹਨ।

**ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥**

**ਅਰਥ-**ਸੂਰਜ ਇੱਕ ਹੈ, ਇਸਦੀਆਂ ਇੱਕ ਸਾਲ ਵਿੱਚ ਛੇ ਰੁੱਤਾਂ ਹੁੰਦੀਆਂ ਹਨ। ਛੇ ਰੁੱਤਾਂ ਇਹ ਹਨ- ਬਸੰਤ, ਗ੍ਰੀਖਮ, ਪਾਵਸ, ਸਰਦ, ਹਿਮ ਤੇ ਪਤਝੱੜ। ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਸੂਰਜ ਇਕ ਹੈ, ਰੁੱਤਾਂ ਅਨੇਕ ਹਨ ਭਾਵ ਸਮੇਂ ਦੀ ਅਨੇਕ ਪ੍ਰਕਾਰ ਦੀ ਵੰਡ ਹੋਣ ਤੇ ਸੂਰਜ ਇੱਕ ਹੀ ਰਹਿੰਦਾ ਹੈ। ਇਸ ਤਰ੍ਹਾਂ ਛੇ ਸ਼ਾਸਤਰਾਂ ਦੇ ਵੱਖ-ਵੱਖ ਸਿਧਾਂਤ ਕਥਨ ਕਰਨ ਤੇ ਪ੍ਰਮਾਤਮਾ ਦੀ ਏਕਤਾ ਵਿੱਚ ਕੋਈ ਫਰਕ ਨਹੀਂ ਹੈ। ਉਹ ਅਕਾਲ ਪੁਰਖ ਇੱਕ ਹੈ ਤੇ ਉਸਦੇ ਅਨੇਕਾਂ ਹੀ ਸਰੂਪ ਹਨ। ਭਾਵ ਪ੍ਰਮਾਤਮਾ ਇਕ ਹੈ ਤੇ ਉਸਦੀ ਪ੍ਰਾਪਤੀ ਲਈ ਅਨੇਕ ਪ੍ਰਕਾਰ ਦੇ ਉਪਦੇਸ਼ ਹਨ।

❖❖❖❖



ੴ

## ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ

- ਭਾਈ ਨੰਦ ਲਾਲ ਜੀ 'ਗੋਯਾ'

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਤਿਸਾਅ ਉਲਵੀਖ਼ਾਕ ਗੁਰੁ ਗੋਬਿੰਦ ਸਿੰਘ ॥
ਚਾਕਰਿ ਚਾਲਾਕ ਗੁਰੁ ਗੋਬਿੰਦ ਸਿੰਘ ॥
ਤਖ਼ਤਿ ਬਾਲਾ ਜੋਰਿ ਗੁਰੁ ਗੋਬਿੰਦ ਸਿੰਘ ॥
ਲਾ ਮਕਾਨੇ ਸੈਰ ਗੁਰੁ ਗੋਬਿੰਦ ਸਿੰਘ ॥

ਤਿਸਾਅ ਉਲਵੀਖ਼ਾਕ ਗੁਰੁ ਗੋਬਿੰਦ ਸਿੰਘ ॥
ਚਾਕਰਿ ਚਾਲਾਕ ਗੁਰੁ ਗੋਬਿੰਦ ਸਿੰਘ ॥

ਅਰਥ -: ਸੱਤੇ ਅਸਮਾਨ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਦੀ ਧੂੜ ਹਨ ਅਤੇ ਗੁਰੂ ਗੋਬਿੰਦ ਸਿੰਘ ਦੇ ਚੁਸਤ ਚਲਾਕ ਚਾਕਰ ਹਨ ।

ਤਖ਼ਤਿ ਬਾਲਾ ਜੋਰਿ ਗੁਰੁ ਗੋਬਿੰਦ ਸਿੰਘ ॥
ਲਾ ਮਕਾਨੇ ਸੈਰ ਗੁਰੁ ਗੋਬਿੰਦ ਸਿੰਘ

ਅਰਥ -:ਆਕਾਸ਼ ਦਾ ਉਚੇਰਾ ਤਖਤ ਗੁਰੂ ਗੋਬਿੰਦ ਸਿੰਘ ਦੇ ਹੇਠ ਹੈ, ਗੁਰੂ ਗੋਬਿੰਦ ਸਿੰਘ ਜੀ ਅਨੰਤ ਵਿੱਚ ਵਿਚਰਦੇ ਹਨ ।

(ਚਲਦਾ ....)

# ਅਕਾਲ ਚਲਾਣਾ

ਪ੍ਰਿੰ: ਸਤਿਬੀਰਸਿੰਘ

## ਅਕਾਲ ਚਲਾਣੇ ਵੇਲੇ ਸਿੱਖ ਨੂੰ ਕੀ ਮਰਯਾਦਾ ਅਪਨਾਉਣੀ ਚਾਹੀਦੀ ਹੈ ?

ਸਾਨੂੰ ਹੁਕਮ ਹੈ ਕਿ ਰੋਜ਼ ਰਾਤ ਨੂੰ ਸੌਣ ਵੇਲੇ 'ਸੋਹਿਲਾ' ਦਾ ਪਾਠ ਕਰਨਾ ਹੈ ਅਤੇ ਫਿਰ ਹੁਕਮ ਹੈ ਕਿ ਜਦ ਮ੍ਰਿਤਕ ਦੇਹ ਨੂੰ ਚਿਖਾ ਤੇ ਰੱਖ ਲਾਂਬੂ ਲਗਾਉ ਤਾਂ ਸੋਹਿਲਾ ਦਾ ਪਾਠ ਕਰ ਅਰਦਾਸ ਕਰਨੀ ਹੈ। ਇਥੋਂ ਇਤਨੀ ਸੂਝ ਮਿਲੀ ਕਿ ਮੌਤ ਇਕ ਲੰਬੀ ਨੀਂਦ ਹੈ ਅਤੇ ਨੀਂਦ ਇਕ ਛੋਟੀ ਮੌਤ ਹੈ।

ਖਿਡਾਵੀ ਜਾਂ ਖਿਡਾਵਾ (ਦਾਈ-ਦਾਇਆ) ਬੱਚੇ ਨੂੰ ਖਿਡਾਂਦੀ ਹੈ। ਜਦ ਮਾਪੇ ਬੱਚੇ ਨੂੰ ਲੈ ਜਾਂਦੇ ਹਨ ਤਾਂ ਖਿਡਾਵੇ ਰੋਂਦੇ ਤਾਂ ਨਹੀਂ, ਸਗੋਂ ਭਾਰ ਹੌਲਾ ਹੋਇਆ ਸਮਝਦੇ ਹਨ। ਸੋ ਜਦ ਕੋਈ ਪ੍ਰਭੂ ਦੀ ਗੋਦ ਵਿਚ ਜਾਂਦਾ ਹੈ ਤਾਂ ਮਾਂ-ਬਾਪ ਸੰਬੰਧੀਆਂ ਦਾ ਰੋਣਾ ਫ਼ਜ਼ੂਲ ਹੈ। ਸਰੀਰ ਇਹ ਰਹਿਣਾ ਨਹੀਂ, ਆਤਮਾ ਜਾਣੀ ਨਹੀਂ। ਸਦਾ ਚੇਤੇ ਰੱਖਣਾ ਕਿ ਜੋ ਵੀ ਪ੍ਰਭੂ ਨੇ ਬਣਾਇਆ ਹੈ, ਉਹ ਸੁਖਦਾਈ ਹੈ।

ਗੁਰੂ ਨੇ ਸਿੱਖ ਨੂੰ ਸਮਝਾ ਦਿੱਤਾ ਹੈ ਕਿ ਸਰੀਰ ਰੂਪੀ ਘੜੇ ਟੁੱਟਣ ਨਾਲ ਨਾਸ ਕੁਝ ਨਹੀਂ ਹੁੰਦਾ। ਜਿਸ ਆਦਰਸ਼ ਲਈ ਸਰੀਰ ਜੀਵਿਆ ਹੈ, ਉਹ ਜ਼ਿੰਦਾ ਰਹਿੰਦਾ ਹੈ :

ਘਟ ਫੂਟੇ, ਘਟਿ ਕਬਹਿ ਨ ਹੋਈ।

ਸਿੱਖ ਨੇ ਸਦਾ ਮੌਤ ਲਈ ਤਿਆਰੀ ਕੱਸੀ ਰੱਖਣੀ ਹੈ। 'ਹਸ ਸਰਨਾਗਤ ਜਾਣਾ' ਹੈ ਨਾ ਕਿ 'ਡੁੱਮਣਾ' ਦੁਚਿੱਤਾ ਹੋ :

ਤੁਝ ਹੀ ਕੀਆ ਜੰਮਣ ਮਰਣਾ ॥
ਗੁਰ ਤੇ ਸਮਝ ਪੜੀ ਕਿਆ ਡਰਣਾ ॥

ਜਦ ਕਿਤਨੇ ਹੀ ਨਿਕਟ ਵਰਤੀ ਗੁਰੂ ਹਰਗੋਬਿੰਦ ਜੀ ਦੇ ਅੱਖਾਂ ਸਾਹਮਣੇ ਗੁਜ਼ਰੇ ਤਾਂ ਉਨ੍ਹਾਂ ਹੁਕਮ ਕੀਤਾ ਸੀ :

ਮਿਲਬੇ ਤ ਹਰਖਹਿ ਨਹਿ ਗਿਆਨੀ।
ਬਿਛੁਰੇ ਸ਼ੋਕ ਨ ਦੁਖ ਕੋ ਜਾਨੀ।

ਦਮਦਮਾ ਸਾਹਿਬ ਚਾਰ ਸਾਹਿਬਜ਼ਾਦੇ ਨਾ ਦੇਖ ਕੇ ਮਾਤਾ ਸੁੰਦਰੀ ਜੀ ਨੇ ਜ਼ਰਾ ਕੁ ਉੱਚੀ ਆਵਾਜ਼ ਕੱਢੀ ਤਾਂ ਮਹਾਰਾਜ ਨੇ ਕਿਹਾ ਸੀ :

"ਇਸ ਤਰ੍ਹਾਂ ਕਿਉਂ ਵੈਰਾਗ ਕਰਦੇ ਹੋ। ਇਹ ਜਗਤ ਤਾਂ ਨਦੀਆਂ ਦੇ ਮੇਲ ਵਾਂਗ ਹੈ। ਮਿਲੇ ਤੇ ਫਿਰ ਵਿਛੁੜੇ। ਪੁੱਤਰ ਪਰਾਰਬਧ ਕਰ ਸਾਡੇ ਘਰ ਆਏ ਤੇ ਪਰਉਪਕਾਰ ਹਿਤ ਸੀਸ ਲਗਾ ਚਲੇ ਗਏ"

"ਰੋਦਤ ਐਸੇ ਕਿਉਂ ਤੁਮ ਠਾਨਾ। ਜਗਤ ਮੇਲ ਨਦ ਤੁਮਰੀ ਸਮਾਨਾ।
ਮਿਲਨ ਅੰਤ ਮੈਂ ਹੋਇ ਬਿਓਗਾ। ਪਰਾਰਬਧ ਕੇ ਬਸ ਸਭ ਲੋਗਾ।

(1704-2004)

**ਪਰਉਪਕਾਰੀ ਪੁੱਤਰ ਹਮਾਰੇ । ਧਰਮ ਹੇਤ ਜਿਨ ਸੀਸ ਬਿਦਾਰੇ ।**

ਇਸੇ ਲਈ ਸ੍ਰੀ ਦਰਬਾਰ ਸਾਹਿਬ ਮ੍ਰਿਤਕ ਦਾ ਅਖੰਡ ਪਾਠ ਨਹੀਂ ਹੁੰਦਾ।

ਅਸੀਂ ਇਸੇ ਲਈ ਮਰਣਾ ਵੀ ਨਹੀਂ ਕਹਿੰਦੇ। **'ਅਕਾਲ-ਚਲਾਣਾ', 'ਚੜ੍ਹਾਈ ਕਰ ਗਿਆ', 'ਪੂਰਾ ਹੋ ਗਿਆ', 'ਸੱਚਖੰਡ ਪਯਾਨਾ'** ਜਾਂ **'ਗੁਜ਼ਰ ਗਿਆ'** ਕਹਿੰਦੇ ਹਾਂ।

ਰਹਿਤ ਮਰਯਾਦਾ ਵਿਚ ਦਰਜ ਹੈ ਕਿ ਪ੍ਰਾਣੀ ਨੂੰ ਮਰਨ ਵੇਲੇ ਜੇ ਮੰਜੇ ਤੇ ਹੋਵੇ ਤਾਂ ਮੰਜੇ ਤੋਂ ਹੇਠਾਂ ਨਹੀਂ ਉਤਾਰਨਾ। ਦੀਵਾ ਵੱਟੀ ਕਦਾਚਿਤ ਨਹੀਂ ਕਰਨਾ।

ਕੋਈ ਚੀਜ਼ ਗਾਂ ਆਦਿ ਉਸ ਦਾ ਹੱਥ ਲਗਾ ਕੇ ਮਣਸਾਉਣੀ ਨਹੀਂ। ਮਨਮਤਿ ਵਾਲਾ ਕੋਈ ਸੰਸਕਾਰ ਨਹੀਂ ਕਰਨਾ। ਢਾਹ ਨਹੀਂ ਮਾਰਨੀ। ਪਿੱਟਣਾ ਨਹੀਂ। ਅਲਾਹੁਣੀ ਨਹੀਂ ਦੇਣੀ। ਸਿਆਪਾ ਨਹੀਂ ਕਰਨਾ। ਕੇਵਲ ਗੁਰਬਾਣੀ ਦਾ ਪਾਠ ਜਾਂ ਵਾਹਿਗੁਰੂ-ਵਾਹਿਗੁਰੂ, ਸ਼ੁਕਰ-ਸ਼ੁਕਰ ਕਰਨਾ। ਜਦ ਕੋਈ ਪ੍ਰਚਾਵਨੀ ਕੇ ਵਾਸਤੇ ਆਵੇ, ਆਪਸ ਮੇਂ 'ਹੁਕਮ ਸਿਉ', 'ਸ੍ਰੀ ਅਕਾਲ ਪੁਰਖ ਦੀ ਰਜ਼ਾ' ਕਹਿ ਕੇ ਬੈਠ ਜਾਏ।

ਪ੍ਰਾਣੀ ਨੂੰ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ ਸੱਸਕਾਰ ਕਰਨਾ ਚਾਹੀਏ। ਹਾਂ, ਜਿੱਥੇ ਸੱਸਕਾਰ ਦਾ ਪ੍ਰਬੰਧ ਨਾ ਹੋ ਸਕੇ, ਉਥੇ ਜਲ ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ। ਸੱਸਕਾਰਨ ਲਈ ਦਿਨ ਜਾਂ ਰਾਤ ਭਰਮ ਨਹੀਂ ਕਰਨਾ।

ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਛ ਬਸਤਰ ਪਾਏ ਜਾਣ ਤੇ ਕੱਕਾਰ ਜੁਦਾ ਨਹੀਂ ਕਰਨੇ। ਫਿਰ ਤੱਖ਼ਤੇ ਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਏ। ਅਰਦਾਸ ਵਿਚ ਇਹ ਹੀ ਕਹਿਣਾ ਹੈ **'ਇਹ ਆਪ ਦਾ ਸਿੱਖ ਆਪਣੇ ਗ੍ਰਿਹ ਵਿਖੇ ਜਿਤਨੇ ਸੁਆਸ ਤੁਸਾਂ ਦਿੱਤੇ ਸਨ, ਭੋਗ ਕੇ ਜਾ ਰਹਿਆ ਹੈ। ਸਦਾ ਨਿਵਾਸ ਦੇਈ ਰੱਖਣਾ।'**

ਕਲਗੀਧਰ ਨੇ ਹੁਕਮ ਕੀਤਾ ਸੀ ਕਿ ਸਿੱਖ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਨਹੀਂ ਕਰਨੀ ਕਿਉਂਕਿ ਉਸ ਦੀ ਆਤਮਾ ਤਾਂ ਇਥੇ ਹੀ ਬਾਣੀ ਸੁਣ ਸ਼ਾਂਤ ਹੋ ਚੁੱਕੀ ਹੈ। ਸਿਰਫ਼ ਇਹ ਹੀ ਕਹਿਣਾ ਕਿ 'ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣਾ ਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬਲ।

ਫਿਰ ਅਰਥੀ ਨੂੰ ਚੁੱਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ, ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਣ ਕੀਤਾ ਜਾਏ। ਸੱਸਕਾਰ ਦੀ ਥਾਂ ਤੇ ਪੁੱਜ ਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨ ਭੇਟ ਕਰਨ ਲਈ ਅਰਦਾਸਾ ਸੋਧਿਆ ਜਾਏ।

ਫਿਰ ਪ੍ਰਾਣੀ ਨੂੰ ਅੰਗੀਠੇ ਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸੰਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿੱਥ ਤੇ ਬੈਠ ਕੇ ਕੀਰਤਨ ਕਰੇ ਜਾਂ ਵੈਰਾਗ-ਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉੱਠੇ ਤਾਂ ਸੋਹਿਲਾ ਦਾ ਪਾਠ ਕਰ ਕੇ ਅਰਦਾਸਾ ਸੋਧਿ ਕੇ ਸੰਗਤ ਮੁੜ ਆਵੇ। ਕੋਈ ਕਪਾਲ ਕਿਰਿਆ ਨਹੀਂ ਕਰਨੀ। ਘਰ ਆ ਕੇ ਜਾਂ ਲਾਗੇ ਕੇ ਕਿਸੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਰੱਖਿਆ ਜਾਵੇ ਤੇ ਅਨੰਦ ਸਾਹਿਬ ਦੀਆਂ ਛੇ ਪਉੜੀਆਂ ਦਾ ਪਾਠ

ਕਰ ਕੇ ਅਰਦਾਸਾ ਸੋਧ ਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਏ।
ਗੁਰਬਿਲਾਸ ਪਾਤਸ਼ਾਹੀ ੧੦ਵੀਂ ਵਿਚ ਵੀ ਇਹ ਹੁਕਮ ਆਇਆ ਹੈ:

ਮਰੇ ਸਿਖ ਤੇ ਕਰੇ ਕੜਾਹ।
ਤਿਸ ਕੁਟੰਬ ਰੁਦਨੈ ਬਹੁ ਨਾਹ।

ਇਸ ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੇ ਸੋਖ ਨੂੰ ਮੁੱਖ ਰੱਖ ਕੇ ਨੀਯਤ ਕੀਤੀ ਜਾਵੇ।

ਪਾਠ ਵਿਚ ਸਾਰੇ ਘਰ ਵਾਲੇ ਤੇ ਸੰਬੰਧੀ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਹੋਵੇ।

ਦੁਸਹਿਰੇ ਦੇ ਪਿਛੋਂ ਚਲਾਣੇ ਦੀ ਕੋਈ ਹੋਰ ਰਸਮ ਨਹੀਂ ਕਰਨੀ।

ਮ੍ਰਿਤਕ ਪ੍ਰਾਣੀ ਦਾ ਅੰਗੀਠਾ ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾਕੇ ਜਲ ਪ੍ਰਵਾਹ ਕਰ ਦਿੱਤੀ ਜਾਏ ਜਾਂ ਉਥੇ ਹੀ ਦੱਬ ਕੇ ਜ਼ਿਮੀਂ ਬਰਾਬਰ ਕਰ ਦਿੱਤੀ ਜਾਵੇ।

ਸੰਸਕਾਰ ਅਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾ ਹੈ।

ਅੱਧੇ ਮਾਰਗ ਤੇ ਅਰਥੀ ਨੂੰ ਰੱਖਣਾ, ਸਿਆਪਾ, ਫੂਹੜੀ ਪਾਉਣੀ, ਦੀਵਾ, ਪਿੰਡ ਕਿਰਿਆ, ਸਰਾਧ, ਬੁੱਢਾ ਮਰਨਾ ਆਦਿ ਕਰਨਾ ਮਨਮਤਿ ਹੈ।

ਅੰਗੀਠੇ ਵਿੱਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ (ਕੀਰਤਪੁਰ ਸਾਹਿਬ), ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਣੇ ਮਨਮਤਿ ਹੈ।

## ਮੌਤ ਸੰਬੰਧੀ ਗੁਰਬਾਣੀ ਦੇ ਕਥਨ

ਫਰੀਦਾ ਦਰਿਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ।
ਕੇਲ ਕਰੇਂਦੇ ਹੰਝ ਕੋ ਅਚਿੰਤੇ ਬਾਜ ਪਏ।
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ।
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆ।

ਸ਼ੇਖ ਫ਼ਰੀਦ

ਕਬੀਰਾ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦ।
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ।

ਕਬੀਰ

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ।
ਇਹ ਮਾਰਗ ਸੰਸਾਰ ਕੋ ਨਾਨਕ ਥਿਰ ਨਹੀ ਕੋਇ।

ਗੁਰੂ ਤੇਗ ਬਹਾਦਰ

ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰ ॥
ਕਹੁ ਨਾਨਕ ਥਿਰੁ ਕਛੁ ਨਹੀਂ ਸੁਪਨੇ ਜਿਉਂ ਸੰਸਾਰੁ ॥

ਗੁਰੂ ਤੇਗ ਬਹਾਦਰ

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ 'ਵੈਰਾਗ'

ਪ੍ਰੋ: ਪਿਆਰਾ ਸਿੰਘ ਪਦਮ

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਵੈਰਾਗ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਗੁਰ-ਸਿਧਾਂਤ ਅਨੁਸਾਰ ਵੈਰਾਗ ਦਾ ਸੰਕਲਪ ਕੀ ਹੈ ਤੇ ਵੈਰਾਗੀ ਕੌਣ ਹੈ। ਪੁਰਾਣੀ ਹਿੰਦੁਸਤਾਨੀ ਵਿਚਾਰਧਾਰਾ ਵਿਚ ਤਾਂ ਵੈਰਾਗੀ ਉਹ ਸੀ ਜਿਹੜਾ ਦੁਨੀਆਂ ਛੱਡ ਕੇ ਇਕਲਵਾਂਝੇ ਜਾ ਬੈਠੇ ਤੇ ਦੁਨੀਆਂਦਾਰੀ ਨਾਲ ਕੋਈ ਸੰਬੰਧ ਨਾ ਰੱਖੇ। ਇਸੇ ਕਰਕੇ ਸ਼ੰਕਰਾਚਾਰਯ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਵੈਰਾਗੀ ਬਣਨ ਵਾਸਤੇ ਸੰਸਾਰ ਨਾਲ ਘ੍ਰਿਣਾ ਕਰਨਾ ਜ਼ਰੂਰੀ ਹੈ, ਇਸ ਘ੍ਰਿਣਾ ਤੋਂ ਹੀ ਵੈਰਾਗ ਉਪਜਦਾ ਹੈ। ਗੁਰੂ ਸਾਹਿਬ ਇਸ ਦ੍ਰਿਸ਼ਟੀਕੋਣ ਨਾਲ ਸਹਿਮਤ ਨਹੀਂ। ਉਹ ਜ਼ਿੰਦਗੀ ਲਈ ਵੈਰਾਗ ਦੀ ਲੋੜ ਤਾਂ ਦੱਸਦੇ ਹਨ ਪਰ ਇਸ ਤਰ੍ਹਾਂ ਨਹੀਂ। ਗੁਰਮਤਿ ਨੇ ਇਸੇ ਕਰਕੇ ਵੈਰਾਗ ਦੀ ਬੁਨਿਆਦ ਘ੍ਰਿਣਾ ਉਤੇ ਨਾ ਰੱਖ ਕੇ ਪ੍ਰਭੂ-ਪਿਆਰ ਤੇ ਅਧਾਰਿਤ ਕੀਤੀ ਹੈ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ :-

ਜਾਂ ਭਾਉ ਪਾਏ ਆਪਣਾ ਬੈਰਾਗੁ ਉਪਜੈ ਮਨਿ ਆਇ ॥
ਬੈਰਾਗੈ ਤੇ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥

## ਵੈਰਾਗੀ ਕੌਣ ਹੈ ?

ਇਸੇ ਤਰ੍ਹਾਂ ਉਨ੍ਹਾਂ ਦੀ ਨਜ਼ਰ ਵਿਚ ਵੈਰਾਗੀ ਉਹ ਹੈ ਜੋ ਹਉਮੈ ਤੇ ਤ੍ਰਿਸ਼ਨਾ ਦੀ ਜਲਨ ਨੂੰ ਗੁਆ ਕੇ ਆਪਣਾ ਆਪ ਕੇਵਲ ਪ੍ਰਭੂ ਨਾਮ ਨਾਲ ਜੋੜਦਾ ਤੇ ਆਤਮਿਕ ਟਿਕਾਉ ਹਾਸਲ ਕਰਦਾ ਹੈ :-

ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥
ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥
ਮਨ ਮੇਰੇ ਸਤਿਗੁਰੁ ਸੇਵਨਿ ਆਪਣਾ ਸੇ ਜਨ ਵਡਭਾਗੀ ਰਾਮ ॥
ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ ॥

ਇਹ ਅਵਸਥਾ ਪ੍ਰਾਪਤ ਕਰਨ ਲਈ ਗੁਰੂ ਸਾਹਿਬ ਨੇ ਸੰਸਾਰ-ਤਿਆਗ ਦੀ ਸ਼ਰਤ ਨਹੀਂ ਲਾਈ ਤੇ ਨਾ ਹੀ ਸੰਸਾਰ ਨਾਲ ਨਫਰਤ ਕਰਨ ਲਈ ਆਖਿਆ ਹੈ, ਸਗੋਂ ਤਾਕੀਦ ਇਹ ਕੀਤੀ ਹੈ ਕਿ ਗ੍ਰਿਹਸਤ ਵਿਚ ਰਹਿ ਕੇ ਸ਼ਬਦ ਵਿਚ ਸੁਰਤਿ ਜੋੜੀਜਾਵੇ ਤਾਂ ਸੱਚੇ ਵੈਰਾਗੀ ਬਣ ਸਕੀਦਾ ਹੈ :-

ਸਤਿਗੁਰ ਸੇਵਨਿ ਸੇ ਵਡ ਭਾਗੀ ॥ ਸਚੈ ਸਬਦਿ ਜਿਨਾ ਏਕ ਲਿਵ ਲਾਗੀ ॥
ਗਿਰਹ ਕੁਟੰਬ ਮਹਿ ਸਹਜ ਸਮਾਧੀ ॥ ਨਾਨਕ ਨਾਮ ਰਤੇ ਸੇ ਸਚੇ ਬੈਰਾਗੀ ॥

ਗੁਰੂ ਤੇਗ ਬਹਾਦਰ ਗੁਰੂ ਨਾਨਕ-ਗੱਦੀ ਦੇ ਨੌਵੇਂ ਜਾਨਸ਼ੀਨ ਸਨ। ਇਸ ਕਰਕੇ ਉਨ੍ਹਾਂ ਦੇ ਵੈਰਾਗ ਤੇ ਭਾਰਤੀ ਤਰੀਕੇ ਦੇ ਵੈਰਾਗ ਵਿਚ ਸਪਸ਼ਟ ਅੰਤਰ ਹੈ। ਹਰ ਜੀਵਨੀਕਾਰ ਨੇ ਗੁਰੂ ਤੇਗ ਬਹਾਦਰ

ਜੀ ਨੂੰ ਵੈਰਾਗ ਦੀ ਮੂਰਤ ਤੇ ਆਪ ਦੀ ਬਾਣੀ ਨੂੰ 'ਵੈਰਾਗ ਪੁੰਜ' ਕਿਹਾ ਹੈ। ਜੇ ਇਤਿਹਾਸ ਪੜ੍ਹ ਕੇ ਦੇਖੀਏ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਰਹਿਣੀ ਬਹਿਣੀ, ਵੈਰਾਗੀ ਸਾਧੂਆਂ ਵਾਲੀ ਹਰਗਿਜ਼ ਨਹੀਂ ਸੀ। ਉਹ ਮੀਰੀ ਪੀਰੀ ਧਾਰਨ ਵਾਲੇ ਗੁਰੂ ਦੇ ਲਾਇਕ ਸਪੁੱਤਰ ਸਨ ਤੇ ਕਲਗੀਆਂ ਵਾਲੇ ਗੁਰੂ ਦੇ ਪਿਤਾ। ਉਨ੍ਹਾਂ ਖੁਦ ਕਰਤਾਰਪੁਰ ਦੀ ਜੰਗ ਵਿਚ ਤੇਗ ਵਾਹ ਕੇ ਵੀ ਚੰਗੀ ਸ਼ੁਹਰਤ ਖੱਟੀ ਸੀ। ਉਹ ਕਲਗੀ ਜਿਗਾ ਸਜਾ ਕੇ ਤੇ ਤਲਵਾਰ ਧਾਰਨ ਕਰਕੇ ਰਾਜ ਜੋਗੀਆਂ ਵਾਲਾ ਬਾਣਾ ਰਖਦੇ ਸਨ ਤੇ ਉਨ੍ਹਾਂ ਨੂੰ ਸ਼ਿਕਾਰ ਖੇਡਣ ਦਾ ਵੀ ਸ਼ੌਕ ਸੀ। ਜਦੋਂ ਉਹ ਕੜਾ ਮਾਣਕਪੁਰ ਗਏ ਤਾਂ ਉਥੇ ਉਨ੍ਹਾਂ ਜੰਗਲ ਵਿਚ ਕਾਫੀ ਸ਼ਿਕਾਰ ਕੀਤਾ ਤੇ ਕਈ ਜਾਨਵਰ ਜੀਉਂਦੇ ਵੀ ਫੜ ਲਿਆਂਦੇ। ਇਥੇ ਸੰਤ ਮਲੂਕਦਾਸ ਇਕ ਧਰਮਾਤਮਾ ਬਜ਼ੁਰਗ ਰਹਿੰਦੇ ਸਨ, ਉਨ੍ਹਾਂ ਇਹ ਦੇਖ ਕੇ ਕਿਹਾ ਕਿ ਇਹ ਗੁਰੂ ਨਾਨਕ ਦੀ ਰੂਹਾਨੀ ਗੱਦੀ ਦੇ ਮਾਲਕ ਕਿਵੇਂ ਹੋ ਸਕਦੇ ਹਨ ? ਗੁਰੂ ਸਾਹਿਬ ਨੂੰ ਇਸ ਸ਼ੰਕਾ ਦਾ ਪਤਾ ਲਗ ਗਿਆ ਤੇ ਆਪ ਨੇ ਉਨ੍ਹਾਂ ਨੂੰ ਬਜ਼ੁਰਗ ਜਾਣ ਕੇ ਸਿੱਖਾਂ ਹੱਥ ਪਾਲਕੀ ਭੇਜ ਕੇ ਮੰਗਵਾਂਇਆ। ਦਰਸ਼ਨ ਤੇ ਗੱਲਬਾਤ ਉਪਰੰਤ ਸੰਤ ਮਲੂਕਦਾਸ ਜੀ ਦੀ ਤਸੱਲੀ ਹੋ ਗਈ ਕਿ ਸੂਰਬੀਰ ਬੰਸ ਜ਼ਰੂਰ ਹੈ ਪਰ ਉਂਜ ਪੂਰਨ ਬ੍ਰਹਮ ਗਿਆਨੀ ਹਨ। ਕਰਤਾ ਮਹਿਮਾ ਪ੍ਰਕਾਸ਼ ਨੇ ਇਸ ਵਾਰਤਾਲਾਪ ਨੂੰ ਇਉਂ ਕਲਮਬੰਦ ਕੀਤਾ ਹੈ :-

ਮਲੂਕਦਾਸ - ਮਲੂਕਾ ਪਾਪੀ ਪੇਡਿ ਕੋ, ਭਗਤਿ ਨ ਜਾਨੀ ਤੋਹਿ
ਭਗਤਿ ਲਿਖੀ ਥੀ ਅਵਰ ਕਉ, ਪ੍ਰਭੂ ਧੋਖੇ ਦੀਨੀ ਤੋਹਿ।੨੩।
ਗੁਰੂ ਜੀ - ਸੁਨ ਮਲੂਕ ਹਰਿ ਕੇ ਭਗਤ, ਨਹੀ ਰਾਖਉ ਮਨ ਦੋਹ
ਭਗਤਿ ਲਿਖੀ ਥੀ ਅਉਰ ਕੋ, ਕਰਿ ਕ੍ਰਿਪਾ ਦਈ ਤੋਹਿ।੨੪।
ਗੁਰਦਰਸ਼ਨ ਦੇਖਿ ਮਲੂਕਦਾਸ, ਭਏ ਮਨ ਮਗਨ ਪ੍ਰਸੰਨ
ਬੀਰ ਬੇਸ਼ ਰਾਜ਼ੇਸ਼ਵਰਹ, ਹੀਏ ਅਕਾਸ਼ ਵਤ ਸੁੰਨ।੨੫। (ਮਹਿਮਾ ਪ੍ਰਕਾਸ਼)

ਇਸ ਘਟਨਾ ਤੋਂ ਇਕ ਗੱਲ ਸਪਸ਼ਟ ਹੈ ਕਿ ਉਹ ਸਾਡੇ ਪੁਰਾਣੇ ਤੌਰ ਤਰੀਕੇ ਦੇ ਵੈਰਾਗੀਆਂ ਤਿਆਗੀਆਂ ਵਾਲਾ ਵੇਸ਼ ਜਾਂ ਵਤੀਰਾ ਨਹੀਂ ਸੀ ਰਖਦੇ। ਸਗੋਂ ਉਹ ਰਾਜ ਜੋਗੀਸ਼ਰ ਸਨ ਜੋ ਸੰਸਾਰ ਵਿਚ ਵਿਚਰਦੇ ਹੋਏ ਵੀ ਮਨ ਨੂੰ ਵਿਸ਼ੇ ਵਿਕਾਰਾਂ ਤੋਂ ਉੱਚਾ ਰੱਖਣ ਦੀ ਸਿਖਿਆ ਦਿੰਦੇ ਸਨ।

ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥
ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥
ਸੁਪਨੇ ਜਿਉਂ ਧਨੁ ਪਛਾਨੁ ਕਾਹੇ ਪਰਿ ਕਰਤ ਮਾਨੁ ॥
ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜ ਹੈ ॥

ਉਨ੍ਹਾਂ ਦੀ ਬਾਣੀ ਵਿਚ ਬਾਰ ਬਾਰ ਤਾਕੀਦ ਕੀਤੀ ਗਈ ਹੈ ਕਿ ਸੰਸਾਰਕ ਪਦਾਰਥਾਂ ਦਾ

ਜਲਵਾ ਮ੍ਰਿਗ ਤ੍ਰਿਸ਼ਨਾ ਵਾਲਾ ਹੈ, ਧੂੰਏਂ ਦਾ ਬੱਦਲ ਹੈ, ਪਾਣੀ ਦਾ ਬੁਲਬੁਲਾ ਹੈ। ਬੱਦਲ ਦੀ ਛਾਂ ਵਾਂਗ ਛਿਨ ਵਿਚ ਨਾਸ਼ ਹੋ ਜਾਣ ਵਾਲਾ ਹੈ। ਇਹ ਸਦਾ ਦਾ ਸੰਗੀ ਨਹੀਂ। ਇਸ ਕਰਕੇ ਇਸਦੇ ਪਿਛੇ ਨਾ ਲਗੋ :-

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਹੀਂ ਨਾਨਕ ਬਿਨੁ ਭਗਵਾਨ ॥
ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥

ਜਗਤ ਦੀ ਝੂਠੀ ਪ੍ਰੀਤਿ ਦੀ ਮਿਸਾਲ ਉਨ੍ਹਾਂ ਦੇ ਸਾਹਮਣੇ ਸੀ, ਕਿਵੇਂ ਨਿਰਦਈ ਔਰੰਗਜ਼ੇਬ ਨੇ ਰਾਜ ਦੀ ਹਵਸ 'ਚ ਆਪਣੇ ਬੁੱਢੇ ਪਿਉ ਨੂੰ ਕੈਦ ਕੀਤਾ, ਵੱਡੇ ਭਾਈ ਦਾਰਾ ਸ਼ਿਕੋਹ ਦਾ ਸਿਰ ਕੱਟਕੇ ਦਰਬਾਰ 'ਚ ਮੁਜ਼ਾਹਰਾ ਕੀਤਾ ਤੇ ਹੋਰਾਂ ਭਾਈਆਂ ਨੂੰ ਸੰਗਲ ਪਾ ਕੈਦੀਂ ਸੁੱਟਿਆ। ਸੋ ਗੁਰੂ ਸਾਹਿਬ ਇਸ ਫਰੇਬ ਤੋਂ ਸੰਸਾਰ ਨੂੰ ਸਾਵਧਾਨ ਕਰਦੇ ਸਨ :-

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥
ਇਨ ਮੈ ਕਛੁ ਸੰਗੀ ਨਹੀਂ ਨਾਨਕ ਸਾਚੀ ਜਾਨਿ ॥

ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਗੁਰੂ ਜੀ ਨੇ ਸੰਸਾਰਕ ਨਾਸ਼ਮਾਨਤਾ ਦਰਸਾ ਕੇ ਜੋ ਵੈਰਾਗ ਦਾ ਉਪਦੇਸ਼ ਦਿਤਾ ਹੈ, ਉਸਦਾ ਪ੍ਰਯੋਜਨ ਕੀ ਹੈ? ਉਹ ਖ਼ੁਦ ਗ੍ਰਿਹਸਤੀ ਸਨ, ਕਰਮਯੋਗ ਤੋਂ ਭੱਜਣ ਵਾਲੇ ਨਹੀਂ ਸਨ। ਬਨਵਾਸ ਲੈਣਾ ਉਹ ਕਾਇਰਤਾ ਸਮਝਦੇ ਸਨ। ਇਸੇ ਕਰਕੇ ਉਨ੍ਹਾਂ ਕਿਹਾ ਹੈ ਕਿ ਤੂੰ ਜੰਗਲ ਵਿਚ ਕਿਸ ਦੀ ਤਲਾਸ਼ ਵਿਚ ਚਲਿਆ ਹੈਂ ? ਉਹ ਤਾਂ ਤੇਰੇ ਅੰਦਰ ਹੈ, ਜਿਵੇਂ ਫੁੱਲਾਂ ਵਿਚ ਸੁਗੰਧੀ ਤੇ ਸ਼ੀਸ਼ੇ ਵਿਚ ਅਕਸ, ਉਹ ਅੰਦਰ ਬਾਹਰ ਸਾਰੇ ਹੈ :

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸਹਿ ਨਿਰੰਤਰਿ ਘਟ ਹੀ ਖੋਜਹੁ ਭਾਈ ॥

ਐਸੇ ਵੈਰਾਗੀਆਂ ਜੋਗੀਆਂ ਬਾਰੇ ਉਨ੍ਹਾਂ ਦੀ ਰਾਇ ਚੰਗੀ ਨਹੀਂ ਜੋ ਜੀਵਨ ਜੁਗਤੀ ਤੋਂ ਅਣਜਾਣ ਹੋਣ ਕਰਕੇ ਭੁਲੇਖੇ ਵਿਚ ਇਹ ਸਮਝ ਲੈਂਦੇ ਹਨ ਕਿ ਅਸੀਂ ਘਰ ਬਾਹਰ ਛੱਡ ਭਗਵਾ ਬਾਣਾ ਪਾਉਣ ਮਾਤ੍ਰ ਨਾਲ ਵਿਕਾਰਾਂ ਤੋਂ ਵੀ ਛੁਟਕਾਰਾ ਪਾ ਲਿਆ :

ਮਨ ਰੇ ਗਹਿਓ ਨ ਗੁਰ ਉਪਦੇਸ ॥
ਕਹਾਂ ਭਇਓ ਜਉ ਮੂਡ ਮੁਡਾਇਓ ਭਗਵਉ ਕੀਨੋ ਭੇਸੁ ॥

ਤਿਹ ਜੋਗੀ ਕਉ ਜੁਗਤਿ ਨ ਜਾਨਉ ॥
ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟਿ ਮਾਹਿ ਪਛਾਨਉ ॥

ਅਸਲ ਵੈਰਾਗੀ ਜਾਂ ਜੋਗੀ ਉਹ ਹੈ ਜੋ ਵਿਸ਼ੈ ਵਿਕਾਰਾਂ ਤੇ ਲੋਭ ਮੋਹ ਦੇ ਜੰਜਾਲਾਂ ਤੋਂ ਉਪਰਾਮਤਾ ਧਾਰਨ ਕਰਦਾ ਤੇ ਆਪਣੀ ਸੁਰਤਿ ਪ੍ਰਭੂ ਚਰਣਾਂ ਨਾਲ ਜੋੜ ਲੈਂਦਾ ਹੈ :

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥
ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥

ਇਸ ਤਰ੍ਹਾਂ ਗੁਰੂ ਸਾਹਿਬ ਦੇ ਸਾਰੇ ਹੀ ਸ਼ਬਦ ਤੇ ਸ਼ਲੋਕਾਂ ਵਿਚ ਪ੍ਰਧਾਨ ਸੁਰ ਵੈਰਾਗ ਤਿਆਗ ਦੀ ਗੂੰਜਦੀ ਸੁਣਾਈ ਦਿੰਦੀ ਹੈ। ਇਹ ਇਸ ਲਈ ਕਿ ਉਸ ਸਮੇਂ ਹਿੰਦੁਸਤਾਨ ਦੇ ਲੋਕਾਂ ਨੂੰ ਕੁਰਬਾਨੀ ਦੇ ਰਸਤੇ ਤੋਰਨ ਲਈ ਅਜੇਹੀ ਸਿਖਿਆ ਦੀ ਆਵੱਸ਼ਕਤਾ ਸੀ ਤੇ ਸਿਖ ਲਹਿਰ ਦੀ ਤਾਂ ਇਹ ਇਕ ਭਾਰੀ ਜ਼ਰੂਰਤ ਪੂਰੀ ਕਰਦੀ ਸੀ। ਉਹ ਬਾਰ ਬਾਰ ਇਹੋ ਤਾਕੀਦ ਕਰ ਰਹੇ ਸਨ ਕਿ ਪਦਾਰਥਕ ਲਾਲਸਾਵਾਂ ਨਾਲੋਂ ਜੀਵਨ-ਆਦਰਸ਼ ਉਚੇਰੇ ਹਨ। ਜੇ ਇਨ੍ਹਾਂ ਲਈ ਬਲੀਦਾਨ ਵੀ ਦੇਣਾ ਪਵੇ ਤਾਂ ਇਸ ਖ਼ਾਤਰ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ। ਮਹਾਂਵਾਕ ਹੈ :-

ਸਾਧੋ ! ਇਹੁ ਤਨੁ ਮਿਥਿਆ ਜਾਨਉ ॥
ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥

ਇਹ ਕੰਮ ਕੋਈ ਵਿਰਲਾ ਸੂਰਮਾ ਹੀ ਕਰ ਸਕਦਾ ਹੈ ਜੋ ਸੰਸਾਰੀ ਮੰਗਾਂ ਤੋਂ ਉਪਰ ਉੱਚਾ ਉਠਿਆ ਹੋਵੇ ਤੇ ਆਪਣੇ ਸਰੀਰ ਦੀ ਵੀ ਜਿਸਨੂੰ ਪਕੜ ਨਾ ਹੋਵੇ। ਗੁਰੂ ਸਾਹਿਬ ਨੇ ਆਪਣੇ ਸਰੀਰ ਦਾ ਠੀਕਰਾ ਜ਼ਾਲਮਾਂ ਦੇ ਸਿਰ ਭੰਨ ਕੇ ਇਹ ਦਸ ਦਿਤਾ ਕਿ ਦੁਨੀਆਂਦਾਰੀ ਨਾਲੋਂ ਦੀਨਾਦਾਰੀ ਉਚੀ ਸ਼ੈ ਹੈ :-

ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀਂ ਕੋਇ ॥
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥

ਸੋ ਗੁਰੂ ਸਾਹਿਬ ਦਾ ਵੈਰਾਗ ਤਿਆਗ ਵਿਲੱਖਣ ਰੂਪ ਵਾਲਾ ਸੀ ਤੇ ਉਸਦੇ ਉਪਦੇਸ਼ ਨੇ ਜਨ-ਸਾਧਾਰਣ ਵਿਚ ਕੁਰਬਾਨੀ ਦਾ ਉਮਾਹ ਪੈਦਾ ਕਰ ਦਿਤਾ ਸੀ।

## ਸੰਤ ਭੁਪਿੰਦਰ ਸਿੰਘ 'ਸੇਵਾਪੰਥੀ'

**ਅਮੁਲ ਆਵਹਿ ਅਮੁਲ ਲੈ ਜਾਹਿ ॥**
**ਅਮੁਲ ਭਾਇ ਅਮੁਲਾ ਸਮਾਹਿ ॥**

-ਤੀਰਥ ਸਿੰਘ 'ਸੇਵਾ ਪੰਥੀ'

ਸੰਸਾਰ ਵਿੱਚ ਦੋ ਚੀਜਾਂ ਅਮੁਲ ਹੁੰਦੀਆਂ ਹਨ । ਇਕ ਇਤਨੀ ਕੀਮਤੀ ਜਿਸ ਦਾ ਕੋਈ ਮੁਲ ਨਹੀਂ ਪਾ ਸਕਦਾ । ਜਿਵੇਂ ਕੋਹਿਨੂਰ ਹੀਰਾ ਆਦਿ ।

ਦੂਜਾ ਉਹ ਵਸਤੂ ਜੋ ਗਲੀਆਂ, ਬਜਾਰਾਂ, ਸੜਕਾਂ ਤੇ ਰੁਲਦੀਆਂ ਪਈਆਂ ਹਨ । ਜਿਨ੍ਹਾਂ ਦਾ ਕੋਈ ਮੁੱਲ ਨਹੀਂ ਹੈ । ਗੁਰੂ ਨਾਨਕ ਨੇ ਬਾਣੀ ਵਿੱਚ ਅਮੁੱਲ ਸ਼ਬਦ ਵਰਤਿਆ ਹੈ ਅਸਚਰਜ ਲਈ, ਵਿਸਮਾਦ ਲਈ ।

ਜਿਵੇਂ ਜੰਗਲ ਵਿੱਚ ਫੁਲ ਖਿੜਦਾ ਹੈ ਦੋ ਚਾਰ ਦਿਨ ਸੁਗੰਧੀ ਛਡਦਾ ਹੈ, ਮੁਰਝਾ ਜਾਂਦਾ ਹੈ ਤੇ ਸੁਕ ਕੇ ਡਿੱਗ ਪੈਂਦਾ ਹੈ ਉਸ ਦਾ ਕੋਈ ਮੁੱਲ ਨਹੀਂ । ਉਸੇ ਫੁੱਲ ਨੂੰ ਮਾਲੀ ਤੋੜਦਾ ਹੈ ਹਾਰ ਬਣਾ ਲੈਂਦਾ ਹੈ ਤੇ ਇਕ ਰੁਪੈ ਦਾ ਵਿਕ ਜਾਂਦਾ ਹੈ । ਇਹ ਮਾਲੀ ਦੀ ਮਿਹਨਤ ਦਾ ਮੁੱਲ ਹੈ , ਫੁੱਲ ਦਾ ਨਹੀਂ ।

ਉਸੇ ਫੁੱਲ ਨੂੰ ਸੈਂਟ ਬਣਾਉਣ ਵਾਲਾ ਤੋੜਦਾ ਹੈ ਸੈਂਟ ਕੱਢਦਾ ਹੈ ਸ਼ੀਸ਼ੀ ੨੦ ਰੁਪੈ ਦੀ ਵਿਕ ਜਾਂਦੀ ਹੈ । ਇਹ ਸੈਂਟ ਕੱਢਣ ਵਾਲੇ ਦੀ ਮਿਹਨਤ ਦਾ ਮੁੱਲ ਹੈ, ਫੁੱਲ ਦਾ ਨਹੀਂ । ਫੁੱਲ ਦਾ ਮੁੱਲ ਉਦੋਂ ਪੈਂਦਾ ਹੈ ਜਦੋਂ ਕੋਈ ਰਸਕ ਪੁਰਸ਼ ਸਵੇਰੇ ਸਵੇਰੇ ਸੈਰ ਨੂੰ ਨਿਕਲਦਾ ਕੁਦਰਤ ਦੇ ਨਜ਼ਾਰੇ ਵੇਖਦਾ ਹੈ ਤੇ ਬਲਿਹਾਰ ਜਾਂਦਾ ਹੈ ।

ਖਿੜੇ ਫੁੱਲ ਨੂੰ ਵੇਖ ਕੇ ਖਿੜ ਜਾਂਦਾ ਹੈ । ਨੇੜੇ ਹੋ ਕੇ ਸੁਗੰਧੀ ਲੈਂਦਾ ਹੈ । ਸੁਗੰਧੀ ਦਿਮਾਗ ਵਿੱਚ ਜਾਂਦੀ ਹੈ ਕੋਈ ਮਸਤੀ ਆਉਂਦੀ ਹੈ ਤੇ ਵਿਸਮਾਦ ਰੰਗ ਵਿੱਚ ਆ ਕੇ ਕਹਿੰਦਾ ਹੈ ਵਾਹ ! ਤੇਰੀ ਕੁਦਰਤ , ਤੂੰ ਕੈਸਾ ਸੋਹਣਾ ਸੁਗੰਧੀ ਦੇਣ ਵਾਲਾ ਫੁੱਲ ਪੈਦਾ ਕੀਤਾ ਕ੍ਰਿਤ ਵਿਚੋਂ ਕਰਤੇ ਨਾਲ ਜੁੜ ਜਾਂਦਾ ਹੈ । ਫੁੱਲ ਦਾ ਅਸਲ ਮੁੱਲ ਹੁਣ ਪਿਆ, ਐਸਾ ਕੋਈ ਅਮੁੱਲ, ਵਿਸਮਾਦ ਜੀਵਨ ਸੀ ਸੰਤ ਭੁਪਿੰਦਰ ਸਿੰਘ ਦਾ ਜੋ ਦਰਸ਼ਨ ਕਰਦਾ, ਪਰਸਦਾ, ਬਚਨ ਬਿਲਾਸ ਸੁਣਦਾ ਉਹ ਜੁੜ ਜਾਂਦਾ ਤੇ ਆਪਣੇ ਆਪ ਮੂੰਹੋਂ ਨਿਕਲਦਾ ਧੰਨ ਹੈ ਵਾਹਿਗੁਰੂ ਜਿਸ ਨੇ ਐਸੇ ਅਮੁੱਲ ਗੁਣਾਂ ਵਾਲੇ ਹੀਰੇ ਪੈਦਾ ਕੀਤੇ ਹਨ । ਐਸਾ ਕੋਈ ਵਿਸਮਾਦੀ ਜੀਵਨ ਸੀ ਸੰਤ ਭੁਪਿੰਦਰ ਸਿੰਘ ਦਾ ਜੋ ਵਿਸਮਾਦ ਦੀ ਹੀ ਕਲਾ ਵਰਤਾ ਗਿਆ ।

❖❖❖❖

ਚਲੈ ਜਨਮੁ ਸਵਾਰਿ ਵਖਰੁ ਧਰੁ ਲੈ ॥
ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥

- ਸੰਤ ਕਾਹਨ ਸਿੰਘ

ਪਰਉਪਕਾਰੀ ਸੰਤ ਪਾਏ ਭੁਪਿੰਦਰ ਸਿੰਘ ਜੀ ਜੋ ਬਚਪਨ ਵਿੱਚ ਹੀ (ਤਰਰੀਬਨ ਅੱਠ ਸਾਲ ਦੀ ਉਮਰ ਵਿੱਚ) ਟਿਕਾਣਾ ਭਾਈ ਜਗਤਾ ਸਾਹਿਬ ਜੀ ਵਿਖੇ ਆਏ। ਪੂਜ ਮਹਾਂਪੁਰਖ ਸੰਤ ਬਾਬਾ ਤੀਰਥ ਸਿੰਘ 'ਸੇਵਾ ਪੰਥੀ' ਜੀ ਦੀ ਇਸ ਬਾਲਕ ਤੇ ਮਿਹਰ ਦ੍ਰਿਸ਼ਟੀ ਹੋਈ।

ਮਹਾਂ ਪਰਖਾਂ ਨੇ ਇਨ੍ਹਾਂ ਨੂੰ ਚੰਗੇ ਸਕੂਲਾਂ ਕਾਲਜਾਂ ਰਾਹੀ ਜਿਥੇ ਉਚੇਤੀ ਅਕਾਦਮਿਕ ਵਿਦਿਆ ਪੜ੍ਹਾਈ ਉਥੇ ਵਿਦਿਆ ਵਿੱਚ ਵੀ ਵਿਸ਼ੇਸ਼ ਨਿਪੁੰਨਤਾ ਦਾ ਪ੍ਰਬੰਧ ਕੀਤਾ। ਮਹਾਪੁਰਖਾਂ ਦੀ ਅਸੀਸ ਤੇ ਪ੍ਰੇਰਤਾ ਸਦਕਾ ਬਾਲ ਭੁਪਿੰਦਰ ਸਿੰਘ ਨੇ ਪਹਿਲਾਂ ਗੁਰਬਾਣੀ ਕੰਠ ਕੀਤੀ ਅਤੇ ਇਤਿਹਾਸ (ਨਾਨਕ ਪ੍ਰਕਾਸ਼ ਤੇ ਸੂਰਜ ਪ੍ਰਕਾਸ਼) ਦੀ ਕਥਾ ਦੀ ਦਾਸ ਤੇ ਸੰਤ ਹਰਪਾਲ ਸਿੰਘ ਪਾਸੋਂ ਸਿਖਲਾਈ ਲਈ। ਬਾਬਾ ਜੀ ਆਪ ਵੀ ਇਨ੍ਹਾਂ ਨੂੰ ਇਤਿਹਾਸ ਤੇ ਗੁਰਬਾਣੀ ਦੇ ਅਰਥ ਬੋਧ ਤੇ ਵਿਆਖਿਆ ਸੰਬੰਧੀ ਸਿਖਲਾਈ ਤੇ ਅਗਵਾਈ ਦਿੰਦੇ ਰਹਿੰਦੇ ਸਨ।

ਥੋੜੇ ਸਮੇਂ ਵਿੱਚ ਹੀ ਆਪ ਬਹੁਤ ਸੁੰਦਰ ਕਥਾ ਕਰਨ ਲਗ ਪਏ। ਗੁਰੂ ਕਿਰਪਾ ਦੁਆਰਾ ਇਨ੍ਹਾਂ ਦਾ ਬੋਲਣ ਦਾ ਸਟਾਈਲ ਬੜਾ ਪਿਆਰਾ, ਅਨੋਖਾ ਤੇ ਆਕਰਸ਼ਕ ਸੀ। ਆਪ ਸਵੇਰੇ ਸ਼ਾਮ ਬੜੇ ਉਤਸਾਹ ਨਾਲ ਕਥਾ ਕਰਦੇ ਤੇ ਸੰਗਤਾਂ ਵੀ ਬੜੀ ਲਗਨ ਨਾਲ ਕਥਾ ਸੁਣਦੀਆਂ ਹਨ। ਇਨ੍ਹੀ ਦਿਨੀ ਇਨ੍ਹਾਂ ਨੂੰ ਸੰਗੀਤ (ਕੀਰਤਨ) ਦਾ ਸ਼ੌਕ ਜਾਗਿਆ। ਸੰਤ ਹਰਪਾਲ ਸਿੰਘ ਜੀ ਪਾਸੋ ਗੁਰਬਾਣੀ ਕੀਰਤਨ (ਵਿਸ਼ੇਸ਼ਕਰ ਸੁਖਮਨੀ ਸਾਹਿਬ ਦੇ ਕੀਰਤਨ) ਦੀ ਸਿਖਲਾਈ ਪ੍ਰਾਪਤ ਕੀਤੀ। ਬਠਿੰਡਾ ਤੋਂ ਉਸਦਾਦ ਸੰਗੀਤਗਾਰ ਸ. ਕਰਤਾਰ ਸਿੰਘ ਪਾਸੋਂ ਸੰਗੀਤ ਦੀ ਉਚੇਰੀ ਵਿਦਿਆ ਵੀ ਪ੍ਰਾਪਤ ਕੀਤੀ।

ਸੇਵਾ ਪੰਥੀ ਗੁਰਮਤਿ ਵਿਦਿਆਲਾ ਵਿਖੇ ਆਪ ਗੁਰਬਾਣੀ ਸ਼ੁਧ ਉਚਾਰਣ ਤੇ ਅਰਥ ਬੋਧ ਦੀਆਂ ਕਲਾਸਾਂ ਵਿਚੋਂ ਵੀ ਦਾਸ ਪਾਸੋਂ ਸਿਖਲਾਈ ਲੈਂਦੇ ਰਹਿੰਦੇ। ਇਹ ਸਭ ਪੜ੍ਹਾਈ, ਸਿਖਲਾਈ ਤੇ ਅਗਵਾਈ ਆਪ ਬੜੇ ਉਤਸਾਹ ਨਾਲ ਤੇ ਚਾਈਂ ਚਾਈਂ ਪ੍ਰਾਪਤ ਕਰਦੇ ਸਨ। ਟਿਕਾਣਾ ਸਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੜੀਵਾਰ ਕਥਾ ਦੀ ਪੰਜਵੀ ਲੜੀ ਵੀ ਅਰੰਭਤਾ ਦਾ ਸੁਭਾਗ ਵੀ ਇਨ੍ਹਾਂ ਨੂੰ ਹੀ ਪ੍ਰਾਪਤ ਹੋਇਆ। ਸਰੀਰਕ ਤੌਰ ਤੇ ਬਿਮਾਰ ਰਹਿਣ ਦੇ ਬਾਵਜੂਦ ਵੀ ਸੰਤ ਭੁਪਿੰਦਰ ਸਿੰਘ ਜੀ ਟਿਕਾਣਾ ਸਾਹਿਬ ਵਿਖੇ ਵੱਧ ਤੋਂ ਵੱਧ ਸੇਵਾਵਾਂ ਸ਼ੌਕ ਨਾਲ ਤੇ ਖਿੜੇ ਮੱਥੇ ਨਿਭਾਉਂਦੇ ਸਨ। ਗਿਆਨ ਇਕੱਤਰ ਕਰਨਾ ਤੇ ਅੱਗੇ ਲੋਕਾਂ ਵਿੱਚ ਵੰਡਣਾ ਸੰਤ ਜੀ ਦਾ ਪ੍ਰਮੁੱਖ ਸ਼ੌਕ ਸੀ।

ਸੇਵਾ ਜੋਤੀ ਮੈਗਜ਼ੀਨ ਦੇ ਮਿਆਰ ਤੇ ਉਨਤੀ ਵਿੱਚ ਆਪਜੀ ਦੇ ਯੋਗਦਾਨ ਤੇ ਅਗਵਾਈ ਦਾ ਵਿਸ਼ੇਸ਼ ਸਥਾਨ ਹੈ। ਸੇਵਾ ਜੋਤੀ ਨੂੰ ਇੰਟਰਨੈਟ ਤੇ ਲਿਜਾਣਾ ਆਪ ਜੀ ਦੀ ਉਚੀ ਪ੍ਰਤਿਭਾ ਦਾ ਪ੍ਰਮਾਣ ਹੈ। ਭਾਈ ਘਨੱਈਆ ਚੌਂਕ ਦੀ ਸੈਟਿੰਗ ਵਿੱਚ ਪ੍ਰਮੁੱਖ ਯੋਗਦਾਨ ਆਪ ਦਾ ਹੀ ਹੈ।

ਇਸ ਤਰਾਂ ਬਿਨ੍ਹਾਂ ਸਰੀਰ ਤੇ ਬਿਮਾਰੀ ਦੀ ਪ੍ਰਵਾਹ ਕੀਤਆਂ ਸੰਤ ਜੀ ਟਿਕਾਣਾ ਸਾਹਿਬ ਦੀਆਂ ਸੰਸਥਾਵਾਂ ਦੇ ਹਰ ਕੰਮ ਵਿੱਚ ਹੱਥ ਵਟਾਉਂਦੇ ਸਹਿਯੋਗ ਦਿੰਦੇ ਤੇ ਅਗਵਾਈ ਕਰਦੇ ਰਹਿੰਦੇ। ਦਫਤਰ ਵਰ ਘਰ ਦੇ ਆਪ ਪ੍ਰਮੁੱਖ ਇੰਚਾਰਜ ਰਹੇ ਹਨ।

ਬੀਮਾਰ ਹੋ ਜਾਂਦੇ ਇਲਾਜ ਕਰਵਾ ਲੈਂਦੇ ਠੀਕ ਹੋ ਜਾਂਦੇ ਫਿਰ ਬਿਮਾਰ ਹੋ ਜਾਂਦੇ ਇਹ ਸਿਲਸਲਾ ਵੀ ਬਰਾਬਰ ਚਲਦਾ ਰਿਹਾ। ਗੁਰਦੇ ਦੇ ਸਫਲ ਉਪ੍ਰੇਸ਼ਨ ਤੋਂ ਬਾਦ ਸਾਲ ਭਰ ਬਿਲਕੁਲ ਤੰਦੁਸਰਤ ਰਹੇ ਤੇ ਸਾਰੀਆਂ ਸੇਵਾਵਾਂ ਸਫਲਤਾ ਪੂਰਵਕ ਨਿਭਾਉਂਦੇ ਸਨ।

ਅਚਾਨਕ ਬੁਖਾਰ ਹੋ ਗਿਆ ਤੇ ਦੇਖਦੇ ਦੇਖਦੇ ਇਹ ਅਮੋਲਕ ਰਤਨ, ਗੁਣਾਂ ਦਾ ਭੰਡਾਰ ਤੇ ਹਰਮਨ ਪਿਆਰੀ ਸ਼ਖਸੀਅਤ ਸਾਡੇ ਪਾਸੋਂ ਕੁਦਰਤ ਨੇ ਖੋਹ ਲਈ। ਇਹ ਭਾਣਾ ੧੭ ਅਪ੍ਰੈਲ ੨੦੦੩ ਨੂੰ ਸਵੇਰੇ ਵਾਪਰਿਆ।

ਜੋ ਮਨ ਚਿੱਤ ਨ ਚੇਤੇ ਸਨ ਸੋ ਗਾਲ੍ਹੀ ਰਾਬਕੀਆਂ ਇਸ ਤਰ੍ਹਾਂ ਆਪ ਵਿੱਚ ਆਸਾਰ ਸੰਸਾਰ ਨੂੰ ਅਲਵਿਦਾ ਕਹਿਕੇ ਗੁਰਪੁਰੀ ਪਿਆਨਾ ਕਰ ਗਏ। ਸੰਤ ਭੁਪਿੰਦਰ ਸਿੰਘ ਜੀ ਬਚਪਨ ਵਿੱਚ ਹੀ ਧਰਮ ਖੇਤਰ ਵਿੱਚ ਤੇ ਸਮਾਜ ਵਿੱਚ ਬਿਚਰ ਕੇ ਪਰਉਪਕਾਰ ਤੇ ਕਾਰਜ ਕਰਦੇ ਹੋਏ ਅਪਣੇ ਜੀਵਨ ਦੀ ਹੋਂਦ ਨੂੰ ਸਫਲ ਤੇ ਅਮਰ ਕਰ ਗਏ। ਸਾਨੂੰ ਉਨ੍ਹਾਂ ਦੇ ਗੁਰਮਤਿ ਅਨੁਸਾਰ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਅਸੀਂ ਵੀ ਬਚਪਨ ਤੋਂ ਹੀ ਗੁਰਮਤਿ ਮਾਰਗ ਤੇ ਚੱਲ ਕੇ ਭਗਤੀ ਭਾਵਨਾ ਤੇ ਪਰਉਪਕਾਰ ਦੇ ਕਾਰਜ ਕਰਕੇ ਅਪਣੇ ਜਨਮ ਨੂੰ ਸਫਲਾ ਕਰੀਏ। ਯਥਾ "ਈਹਾ ਖਾਟ ਚਲਹੁ ਹਰ ਲਾਹਾ ਆਗੈ ਬਸਨ ਸੁਹੇਲਾ।

## ਚਮਤਕਾਰੀ ਸ਼ਖਸੀਅਤ

# ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ'

ਜੁਗਿੰਦਰ ਸਿੰਘ 'ਸਾਗਰ'

ਭੋਲਾ ਭਾਲਾ ਮਾਸੂਮ ਤੇ ਸੁੰਦਰ ਚਿਹਰਾ, ਮਿਲਣਸਾਰ, ਗਿਆਨਵਾਨ, ਮਿੱਠ ਬੋਲੜਾ, ਪ੍ਰੌੜ੍ਹ ਵਿਚਾਰਕ, ਗੰਭੀਰ ਚਿੰਤਕ, ਉਚਕੋਟੀ ਦਾ ਵਿਆਖਿਆਕਾਰ,ਸਹਾਇਕ, ਹਮਦਰਦ, ਸੇਵਾਦਾਰ, ਭਜਨੀਕ, ਗੁਣਵਾਨ, ਗੁਣਾਂ ਦਾ ਮਾਹਰ , ਨਾਮ ਰਸੀਆ ਤੇ ਟਿਕਾਣਾ ਭਾਈ ਜਗਤਾ ਦੀ ਰੌਣਕ, ਜਿਸ ਨੂੰ ਇਕ ਵਾਰ ਮਿਲਣ ਵਾਲਾ ਦੋਬਾਰਾ ਮਿਲਣਾ ਲੋਚਦਾ ਤੇ ਜਿਸਨੂੰ ਇਕ ਵਾਰ ਸੁਣਨ ਵਾਲਾ ਬਾਰ-ਬਾਰ ਸੁਣਨ ਦੀ ਇੱਛਾ ਰੱਖਦਾ। ਐਸੀ ਮਨਹੋਰ ਸ਼ਖਸੀਅਤ ਸੰਤ ਭੁੰਪਿੰਦਰ ਸਿੰਘ ਲਈ 'ਹੈ' ਸ਼ਬਦ ਦੀ ਥਾਂ 'ਸੀ' ਵਰਤਣ ਲੱਗਿਆਂ ਦਿਲ ਘੱਟਦਾ ਹੈ, ਜ਼ੁਬਾਨ ਕੰਬਦੀ ਹੈ ਤੇ ਕਲਮ ਸਾਹ ਸਤ ਹੀਣ ਜਾਪਦੀ ਹੈ। ਕਾਗਜ਼ ਵਿੱਚ ਵੀ ਇਤਨਾਂ ਜਿਗਰਾ ਨਹੀਂ ਕਿ ਉਹ ਆਪਣੀ ਹਿੱਕ ਤੇ ਇਹ ਦੁਖਦਾਈ ਸਦਮਾ ਸਹਾਰ ਸਕੇ। ਇਸ ਬੇਬਸੀ ਦੇ ਆਲਮ ਵਿੱਚ ਭਿਜੀਆਂ ਅੱਖਾਂ ਤੇ ਕੰਬਦੇ ਹੱਥਾਂ ਨਾਲ ਉਨ੍ਹਾਂ ਬਾਰੇ ਕੁਝ ਲਿਖਣ ਦਾ ਹੌਸਲਾ ਕਰ ਰਿਹਾ ਹਾਂ;

ਸੰਤ ਭੁਪਿੰਦਰ ਸਿੰਘ ਛੋਟੀ ਉਮਰ (੮ ਸਾਲ) ਵਿੱਚ ਹੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਵਿਖੇ ਸ੍ਰੀਮਾਨ ਮਹੰਤ ਬਾਬਾ ਤੀਰਥ ਸਿੰਘ ਜੀ ਦੀ ਚਰਨ ਸ਼ਰਨ ਵਿੱਚ ਆ ਗਏ ਸਨ। ਥੋੜੇ ਸਮੇਂ ਵਿੱਚ ਹੀ ਮਿਠ ਬੋਲੜੇ ਸੁਭਾਅ ਤੇ ਹੋਣਹਾਰ ਵਰਤਾਰੇ ਸਦਕਾ ਬਾਬਾ ਜੀ ਦੀ ਮੇਹਰ ਦੇ ਪਾਤਰ ਬਣ ਗਏ ਨਜ਼ਿਰ-ਮਨਜੂਰ ਹੋ ਗਏ।

ਬਾਬਾ ਜੀ ਨੇ ਇਸ ਹੋਣਹਾਰ ਬਾਲਕ ਨੂੰ ਜਿਥੇ ਉੱਚ ਕੋਟੀ ਦੇ ਸਕੂਲਾਂ ਕਾਲਜਾਂ ਵਿੱਚ ਉਚੇਰੀ ਅਕਾਦਮਿਕ ਵਿਦਿਆ ਦਿਵਾਈ (ਬੀ.ਏ ਤੱਕ) ਉਥੇ ਸੰਤ ਕਾਹਨ ਸਿੰਘ ਜੀ , ਸੰਤ ਹਰਪਾਲ ਸਿੰਘ ਜੀ ਤੇ ਸੇਵਾ ਪੰਥੀ ਗੁਰਮਤਿ ਵਿਦਿਆਲੇ ਤੋਂ 'ਨਾਨਕ ਪ੍ਰਕਾਸ਼' 'ਸੂਰਜ ਪ੍ਰਕਾਸ਼' ਗੁਰਸ਼ਬਦ ਦੀ ਕਥਾ ਵਿਆਖਿਆ ਦਾ ਗਿਆਨ ਬੋਧ ਵੀ ਕਰਵਾਇਆ। ਬਾਬਾ ਜੀ ਆਪ ਵੀ ਹਰ ਪ੍ਰਕਾਰ ਦੇ ਧਾਰਮਿਕ ਗਿਆਨ ਦੀ ਸਿਖਲਾਈ ਵਿੱਚ ਉਨ੍ਹਾਂ ਦੀ ਅਗਵਾਈ ਕਰਦੇ ਰਹਿੰਦੇ ਸਨ। ਥੋੜੇ ਸਮੇਂ ਵਿੱਚ ਹੀ ਆਪ ਨੇ ਕਾਫੀ ਗੁਰਬਾਣੀ ਕੰਠ ਕਰ ਲਈ ਤੇ ਪ੍ਰਭਾਵਸ਼ਾਲੀ ਢੰਗ ਨਾਲ ਕਥਾ ਵਿਆਖਿਆ ਵੀ ਕਰਨ ਲੱਗ ਪਏ। ਆਪ ਜੀ ਦੇ ਚਮਤਕਾਰੀ ਤੇ ਭਾਵਪੂਰਣ ਵਿਚਾਰਾਂ ਵਿੱਚੋਂ ਉਚੇ ਸੁਚੇ ਤੇ ਪ੍ਰੌੜ੍ਹ ਗਿਆਨ ਦੀ ਝਲਕ ਮਿਲਦੀ ਸੀ। ਸੰਗਤਾਂ ਬੜੇ ਉਤਸ਼ਾਹ ਤੇ ਲਗਨ ਨਾਲ ਆਪ ਜੀ ਦੇ ਵਿਚਾਰ ਸੁਣਦੀਆਂ। ਕੋਈ ਸਰੋਤਾ ਵੀ ਪ੍ਰਭਾਵਿਤ ਹੋਏ ਬਿਨਾ ਨ ਰਹਿੰਦਾ। ਆਪ ਜੀ ਦੇ ਬੋਲਣ ਦਾ ਸਟਾਈਲ ਬੜਾ ਵਿਲੱਖਣ ਤੇ ਭਾਵ ਪੂਰਤ ਸੀ। ਵਿਦਵਾਨ ਤੇ ਚਿੰਤਕ ਲੋਗ ਹੈਰਾਨ ਹੁੰਦੇ ਸਨ ਕਿ

ਇਤਨੀ ਛੋਟੀ ਉਮਰ ਵਿੱਚ ਇਤਨੇ ਪਰਪੱਕ ਵਿਚਾਰ ਹੋਣੇ ਕਿਸੇ ਕਰਾਮਾਤ ਤੋਂ ਘੱਟ ਨਹੀਂ।

ਸੰਤ ਭੁਪਿੰਦਰ ਸਿੰਘ ਟਿਕਾਣਾ ਸਾਹਿਬ ਦੇ ਹਰ ਕੰਮ, ਹਰ ਸੇਵਾ ਨੂੰ ਹਰ ਜ਼ਿੰਮੇਵਾਰੀ ਨੂੰ ਬੜੇ ਚਾਅ ਨਾਲ ਪੂਰੀ ਤਨਦੇਹੀ ਨਾਲ ਤੇ ਖਿੜੇ ਮੱਥੇ ਨਿਭਾਉਂਦੇ ਹਨ। ਸਰੀਰਕ ਬਿਮਾਰੀਆਂ ਦੀ ਪਰਵਾਹ ਨਾ ਕਰਦੇ ਹੋਏ ਸੇਵਾ ਸਿਮਰਨ ਤੇ ਪਰੋਪਕਾਰ ਦੇ ਹਰ ਕਾਰਜ ਵਿੱਚ ਪੂਰਾ-ਪੂਰਾ ਸਹਿਯੋਗ ਦਿੰਦੇ ਸਨ। ਸੇਵਾ ਜੋਤੀ ਦਾ ਪ੍ਰਕਾਸ਼ਨ, ਪਲਾਨਿੰਗ ਤੇ ਇਸਨੂੰ ਇੰਟਰਨੈਟ ਤੇ ਲਿਆਉਣਾ, ਦੂਜੀਆਂ ਵਿਦਿਅਕ ਸੰਸਥਾਵਾਂ ਦੀ ਅਗਵਾਈ ਤੇ ਪ੍ਰਬੰਧ ਕਰਨਾ, ਭਾਈ ਘਨੱਈਆ ਚੌਂਕ ਦੀ ਯੋਜਨਾਬੰਦੀ ਤੇ ਦੇਖਭਾਲ ਕਰਨਾ ਆਦਿ ਜ਼ਿੰਮੇਵਾਰੀਆਂ ਇਕੋ ਵੇਲੇ ਨਿਭਾਉਣੀਆਂ ਆਪ ਜੀ ਦੀ ਉਚਤਮ ਯੋਗਤਾ ਤੇ ਚਮਤਕਾਰੀ ਪ੍ਰਤਿਭਾ ਦਾ ਕਮਾਲ ਸੀ। ਇਤਨੇ ਥੋੜੇ ਸਮੇਂ ਵਿੱਚ ਇਤਨਾ ਜ਼ਿਆਦਾ ਕੀਤਾ ਕਿ ਆਪਣੀਆਂ ਯਾਦਗਾਰਾਂ ਕਾਇਮ ਕਰ ਗਏ। ਇਕ ਸ਼ੁਰਧਾਜਲੀ ਸਮਾਗਮ ਸਮੇਂ ਬੋਲੇ ਹੋਏ ਬੋਲ ਕਿ " ਦੇਖਿਆ ਇਹ ਨਹੀਂ ਜਾਣਾ ਕਿ ਕੋਈ ਕਿਤਨੇ ਸਾਲ ਜੀਵਿਆ ਹੈ, ਦੇਖਿਆ ਇਹ ਜਾਵੇਗਾ ਕਿ ਕੋਈ ਕਿਸ ਤਰੀਕੇ ਤੇ ਸਲੀਕੇ ਨਾਲ ਜੀਵਿਆ ਹੈ।' ਸੰਤ ਜੀ ਆਪਣੇ ਅਮਲੀ ਜੀਵਨ ਦੁਆਰਾ ਸਾਕਾਰ ਕਰ ਗਏ। ਥੋੜੇ ਜਿਹੇ ਸਾਲਾਂ ਵਿੱਚ ਇਤਨਾ ਕੁਝ ਕਰ ਜਾਣਾ ਆਪਜੀ ਨੇ ਚਮਤਕਾਰੀ ਜੀਵਨ ਦਾ ਕਮਾਲ ਹੈ।

ਕਮਾਲਾਂ ਭਰੇ ਜੀਵਨ ਦੇ ਮਾਲਿਕ ਸੰਤ ਭੁੱਪਿੰਦਰ ਸਿੰਘ ਜੀ ਸਰੀਰਕ ਰੋਗਾਂ ਨਾਲ ਜੂਝਦੇ ਹੋਏ। ੧੭ ਅਪ੍ਰੈਲ ੨੦੦੩ ਨੂੰ ਸਵੇਰੇ ਇਸ ਆਸਾਰ ਸੰਸਾਰ ਨੂੰ ਅਲਵਿਦਾ ਕਹਿਕੇ ਨਿਕੜੀ ਜਿਹੀ ਉਮਰ (੨੫ ਸਾਲ) ਵਿੱਚ ਹੀ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

'ਜੋਤੀ ਜੋਤ ਰਲੀ ਸੰਪੂਰਣ ਥੀਆ ਰਾਮ'

ਇਥੇ ਉਹ ਆਪਣੀਆਂ ਅਮਰ ਤੇ ਸਦੀਵੀਂ ਯਾਦਗਾਰਾਂ ਛੱਡ ਗਏ ਹਨ-

ਕੌਨ ਕਹਿਲਾ ਹੈ ਕਿ ਹਜ਼ਰਤ ਮਰ ਗਿਆ,
ਉਸਕੀ ਯਾਦ ਜ਼ਿੰਦਾ ਹੈ, ਉਸਕੀ ਖੂਬੀਆਂ ਜ਼ਿੰਦਾ।

## ਸੇਵਾ ਦੀ ਮੂਰਤ ਤੇ ਕਥਾ ਵਾਚਕ ਸਨ : ਸੰਤ ਭੁਪਿੰਦਰ ਸਿੰਘ 'ਸੇਵਾਪੰਥੀ'

ਭਾਈ ਘਨੱਈਆ ਜੀ ਤੋਂ ਚੱਲੀ ਸੰਪਰਦਾ ਵਿੱਚ ਅਨੇਕਾਂ ਸੰਤ-ਮਹਾਤਮਾ ਪੈਦਾ ਹੋਏ ਹਨ। ਜਿਨ੍ਹਾਂ ਦਾ ਆਪਾ ਪ੍ਰਭੂ ਭਗਤੀ, ਸੇਵਾ, ਸਿਮਰਨ ਅਤੇ ਦੂਸਰਿਆਂ ਨੂੰ ਪਰਮਾਤਮਾ ਨਾਲ਼ ਲਿਵ ਲਾਉਣ ਲਈ ਚਾਨਣ ਮੁਨਾਰਾ ਹੁੰਦਾ ਹੈ। ਇਹੋ ਜਿਹੇ ਹੀ ਮਹਾਨ ਤਿਆਗੀ, ਪਰਉਪਕਾਰੀ, ਪ੍ਰਭੂ ਭਗਤੀ ਵਿੱਚ ਲੀਨ ਤੇ ਕਥਾ ਵਾਚਕ ਸੰਤ ਭੁਪਿੰਦਰ ਸਿੰਘ ਜੀ 'ਸੇਵਾ ਪੰਥੀ' ਗੋਨਿਆਣਾ ਮੰਡੀ (ਬਠਿੰਡਾ) ਵਾਲੇ ਸਨ।

ਸੰਤ ਭੁਪਿੰਦਰ ਸਿੰਘ ਜੀ ਦਾ ਜਨਮ ਪਿੰਡ ਪਵਾਤ ਨੇੜੇ ਮਾਛੀਵਾੜਾ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ੍ਰ: ਮੋਹਨ ਸਿੰਘ ਜੀ ਦੇ ਗ੍ਰਿਹ ੧੯੭੯ ਈ: (ਸੰਮਤ ੨੦੩੬) ਵਿੱਚ ਹੋਇਆ। ਬਚਪਨ ਤੋਂ ਹੀ ਆਪ ਨੂੰ ਬਾਣੀ ਦੀ ਲਗਨ ਸੇਵਾ ਤੇ ਕੀਰਤਨ ਦਾ ਸ਼ੌਕ ਸੀ। ਆਪ ਬਚਪਨ ਵਿੱਚ ਹੀ ਆਪਣੇ ਚਾਚਾ ਸ੍ਰੀਮਾਨ ਮਹੰਤ ਤੀਰਥ ਸਿੰਘ ਜੀ ਜੋ ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:) ਅੰਮ੍ਰਿਤਸਰ ਦੇ ਪ੍ਰਧਾਨ ਤੇ ਟਿਕਾਣਾ ਭਾਈ ਜਗਤਾ ਜੀ ਸਾਹਿਬ ਦੀ ਨਾਦੀ ਬੰਸਾਵਲੀ ਦੇ ੧੨ਵੇਂ ਮੁੱਖ ਸਰਪ੍ਰਸਤ ਹਨ, ਦੀ ਸ਼ਰਨ ਵਿੱਚ ਆ ਗਏ ਸਨ। ਮਹੰਤ ਤੀਰਥ ਸਿੰਘ ਜੀ ਨੇ ਹੀ ਇਨ੍ਹਾਂ ਨੂੰ ਪੜ੍ਹਾਇਆ-ਲਿਖਾਇਆ ਹੈ।

ਸੰਤ ਭੁਪਿੰਦਰ ਸਿੰਘ ਨੇ ਮੁਢੱਲੀ ਵਿੱਦਿਆ ਮੰਸੂਰੀ ਤੇ ਦਸ਼ਮੇਸ਼ ਪਬਲਿਕ ਸਕੂਲ ਫ਼ਰੀਦਕੋਟ ਤੋਂ ਪ੍ਰਾਪਤ ਕੀਤੀ। ਇਥੋਂ ਵਿੱਦਿਆ ਪ੍ਰਾਪਤ ਕਰਕੇ ਬਹੁਤ ਨੌਜਵਾਨ ਡਾਕਟਰ, ਇੰਜੀਨੀਅਰ, ਆਈ.ਏ.ਐਸ ਜਾਂ ਹੋਰ ਉੱਚ ਰੁਤਬਿਆਂ ਦੀ ਪ੍ਰਾਪਤੀ ਵਿੱਚ ਰੁਝ ਜਾਂਦੇ ਹਨ ਪਰ ਕਈ ਨੌਜਵਾਨ ਇਨ੍ਹਾਂ ਸਕੂਲਾਂ ਵਿਚੋਂ ਵਿੱਦਿਆ ਪ੍ਰਾਪਤ ਕਰਕੇ ਵਿਦੇਸ਼ਾਂ ਵੱਲ ਮੂੰਹ ਕਰ ਲੈਂਦੇ ਹਨ ਕਿਉਂਕਿ ਇਨ੍ਹਾਂ ਦੀ ਅੰਗਰੇਜ਼ੀ ਲਿਖਣ, ਬੋਲਣ ਤੇ ਪੜ੍ਹਨ ਦੀ ਮੁਹਾਰਤ ਹੀ ਇਤਨੀ ਚੰਗੀ ਹੋ ਜਾਂਦੀ ਹੈ ਕਿ ਇਹ ਹੋਰ ਕਿਸੇ ਖੇਤਰ ਵੱਲ ਸੋਚਦੇ ਹੀ ਨਹੀਂ, ਪਰ ਸੰਤ ਭੁਪਿੰਦਰ ਸਿੰਘ ਜੀ ਨੇ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਰਹਿੰਦਿਆਂ ਹੀ ਸੇਵਾ ਕਰਨ ਦੇ ਨਾਲ-ਨਾਲ ਬੀ.ਏ. ਤੱਕ ਵਿੱਦਿਆ ਵੀ ਪ੍ਰਾਪਤ ਕੀਤੀ। ਡੇਰੇ ਵਿਚ ਆਈ ਸਾਧ-ਸੰਗਤ ਦੀ ਸੇਵਾ ਬੜੇ ਪਿਆਰ, ਸ਼ਰਧਾ ਤੇ ਸਤਿਕਾਰ ਨਾਲ ਕਰਦੇ ਸਨ। ਮਹੰਤ ਤੀਰਥ ਸਿੰਘ ਜੀ ਨੇ ਹੀ ਇਨ੍ਹਾਂ ਨੂੰ ਸੇਵਾ, ਸਿਮਰਨ ਦੀ ਗੁੜ੍ਹਤੀ ਦਿੱਤੀ। ਜਦੋਂ ਸੇਵਾ ਕਰਨ 'ਚ ਪੂਰੇ ਉਤਰਦੇ ਦਿਸੇ ਤਾਂ ਮਹੰਤ ਤੀਰਥ ਸਿੰਘ ਜੀ ਨੇ ਬ੍ਰਹਮ-ਗਿਆਨੀ ਭਾਈ ਜਗਤਾ ਜੀ ਦੇ ੧੯੬ਵੇਂ ਯੱਗ-ਭੰਡਾਰੇ ਦੇ ਸ਼ੁੱਭ ਅਵਸਰ 'ਤੇ ੧੫ ਜਨਵਰੀ ੧੯੯੮ ਈ: ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਸ਼-ਵੰਸ਼ ਸ੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਬੇਦੀ ਊਨਾਂ ਸਾਹਿਬ ਪਾਸੋਂ ਤਿਲਕ ਲਗਵਾ ਕੇ ਦਸਤਾਰ ਸਜਾਉਣ ਦੀ ਰਸਮ ਅਦਾ ਕੀਤੀ।

ਸੰਤ ਭੁਪਿੰਦਰ ਸਿੰਘ ਨੇ ਆਪਣਾ ਸਮੁੱਚਾ ਜੀਵਨ ਮਹੰਤ ਤੀਰਥ ਸਿੰਘ ਜੀ ਦੇ ਚਰਨਾਂ ਵਿੱਚ ਰਹਿ ਕੇ ਕੌਮ, ਪੰਥ ਅਤੇ ਧਰਮ ਦੀ ਸੇਵਾ ਨਿਭਾਉਣ ਦਾ ਸੰਕਲਪ ਲਿਆ ਹੋਇਆ ਸੀ। ਸੇਵਾ ਦੇ ਨਾਲ-ਨਾਲ ਇਨ੍ਹਾਂ ਹਾਰਮੋਨੀਅਮ ਦੀ ਵਿੱਦਿਆ ਭਾਈ ਅਜੀਤ ਸਿੰਘ ਜੀ ਹਜ਼ੂਰੀ ਰਾਗੀ ਪਾਸੋਂ ਪ੍ਰਾਪਤ ਕੀਤੀ। ਮਹੰਤ ਤੀਰਥ ਸਿੰਘ ਜੀ ਨੇ ਸੰਤ ਭਾਈ ਕਾਹਨ ਸਿੰਘ ਜੀ ਦੀ ਕਥਾ ਸੁਣ-ਸੁਣ ਕੇ ਹੀ ਇਨ੍ਹਾਂ ਨੂੰ ਕਥਾ ਕਰਨ ਦਾ ਸ਼ੌਕ ਜਾਗਿਆ। ਸੰਤ ਭੁਪਿੰਦਰ ਸਿੰਘ ਨੇ ਛੋਟੀ ਉਮਰ 'ਚ ਹੀ ਅਨੇਕਾਂ ਧਾਰਮਿਕ ਗ੍ਰੰਥਾਂ, ਪੁਸਤਕਾਂ ਦਾ ਅਧਿਐਨ ਕੀਤਾ। ਇਨ੍ਹਾਂ ਦੀ ਕਥਾ ਵਿੱਚ ਇਤਨਾ ਰਸ ਸੀ ਕਿ ਜਦੋਂ ਇਹ ਕਥਾ ਕਰਦੇ ਸਨ ਤਾਂ ਸੰਗਤਾਂ ਇਕ ਮਨ ਹੋ ਕੇ ਅਨੰਦਿਤ ਹੋ ਜਾਂਦੀਆਂ ਸਨ। ਇਨ੍ਹਾਂ ਨੇ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ, ਮੁੰਬਈ ਵਰਗੇ ਵੱਡੇ ਸ਼ਹਿਰਾਂ/ਨਗਰਾਂ ਵਿੱਚ ਸਮੇਂ-ਸਮੇਂ ਤੇ ਗੁਰਮਤਿ ਸਮਾਗਮਾਂ ਵਿੱਚ ਅੰਮ੍ਰਿਤ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਮਹੰਤ ਤੀਰਥ ਸਿੰਘ ਜੀ ਦੀ ਸਰਪ੍ਰਸਤੀ ਹੇਠ ਛਪ ਰਹੇ 'ਭਾਈ ਘਨੱਈਆ ਸੇਵਾ ਜੋਤੀ' ਮਾਸਿਕ ਮੈਗਜ਼ੀਨ ਦੇ ਆਪ ਪ੍ਰਬੰਧਕੀ ਸੰਪਾਦਕ ਸਨ। ਸੰਤ ਜੀ ਨੇ 'ਭਾਈ ਘਨੱਈਆ ਸੇਵਾ ਜੋਤੀ' ਨੂੰ ਦੇਸ-ਵਿਦੇਸ 'ਚ ਇੰਟਰਨੈਟ ਤੇ ਨਸ਼ਰ ਕਰਾਉਣ ਲਈ ਬੜੀ ਮਿਹਨਤ ਤੇ ਲਗਨ ਨਾਲ ਸੇਵਾ ਨਿਭਾਈ, ਜਿਸ ਦੀ ਦੇਸ਼-ਵਿਦੇਸ਼ 'ਚ ਬਹੁਤ ਸਲਾਘਾ ਹੋਈ। ਸੰਤ ਭੁਪਿੰਦਰ ਸਿੰਘ ਜੀ ਦਫਤਰ ਵਰ-ਘਰ ਦੇ ਵੀ ਮੁੱਖ ਇੰਚਾਰਜ ਸਨ। ਮਹੰਤ ਤੀਰਥ ਸਿੰਘ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰਿਆਂ ਦਾ ਵੀ

ਪ੍ਰਬੰਧ ਸੰਤ ਜੀ ਵੇਖ ਰਹੇ ਸਨ। ਸੰਤ ਭੁਪਿੰਦਰ ਸਿੰਘ ਜੀ ਨੇ ਭਾਈ ਘਨੱਈਆ ਚੌਂਕ (ਝੀਲਾਂ ਵਾਲੀ ਤਿਕੋਣੀ) ਬਠਿੰਡਾ ਸਥਾਪਿਤ ਕਰਨ ਸਮੇਂ ਦਿਨ-ਰਾਤ ਤਨ-ਮਨ ਨਾਲ ਸੇਵਾ ਕੀਤੀ।

ਆਪ ਨੇ ਅੰਮ੍ਰਿਤ ਵੇਲੇ ਉਠੱਣਾ, ਇਸ਼ਨਾਨ ਕਰਕੇ ਜਪੁਜੀ ਸਾਹਿਬ, ਨਿੱਤ-ਨੇਮ ਦੀਆਂ ਬਾਣੀਆਂ ਤੇ ਸੁੱਖਾਂ ਦੀ ਮਨੀ ਸੁਖਮਨੀ ਸਾਹਿਬ ਜੀ ਦਾ ਪਾਠ ਸੰਤ ਹਰਪਾਲ ਸਿੰਘ ਜੀ ਨਾਲ ਗੁਰੂ ਦਰਬਾਰ ਵਿਖੇ ਕਰਨਾ ਆਪ ਦਾ ਪੱਕਾ ਨੇਮ ਸੀ। ਆਪ ਨੇ ਸੇਵਾ, ਸਿਮਰਨ, ਗੁਰਬਾਣੀ ਦਾ ਰਸ ਆਪ ਵੀ ਮਾਣਿਆ ਤੇ ਅਨੇਕਾਂ ਹੀ ਪ੍ਰਾਣੀਆਂ ਵਿੱਚ ਇਸ ਰਸ ਨੂੰ ਮਾਣਨ ਦਾ ਚਾਅ ਪੈਦਾ ਕੀਤਾ।

ਸੰਤ ਭੁਪਿੰਦਰ ਸਿੰਘ ਜੀ ਨੂੰ ਬਚਪਨ ਤੋਂ ਹੀ ਪਿਸ਼ਾਬ ਦੀ ਤਕਲੀਫ਼ ਸੀ। ਇਨ੍ਹਾਂ ਸਤਰਾਂ ਦਾ ਲੇਖਕ ਮਹੰਤ ਤੀਰਥ ਸਿੰਘ ਜੀ ਦਾ ਹੁਕਮ ਮੰਨ ਕੇ ੧੯੯੨ ਈ: ਵਿੱਚ ਮੁੰਬਈ ਇਲਾਜ ਕਰਵਾਉਣ ਲਈ ਲੈ ਕੇ ਗਿਆ। ਸੰਤ ਜੀ ਦੀਆਂ ਦੋਨੋਂ ਕਿਡਨੀਆਂ ਵਿੱਚ ਪੱਸ ਪੈ ਚੁੱਕੀ ਸੀ। ਇੱਕ ਕਿਡਨੀ ਬਿਲਕੁਲ ਫੇਲ੍ਹ ਹੋ ਗਈ ਸੀ। ਮੁੰਬਈ ਵਿਖੇ ਹੀ ਇਨ੍ਹਾਂ ਦੀ ਇੱਕ ਕਿਡਨੀ ਕੱਢ ਦਿੱਤੀ ਗਈ ਸੀ ਜੋ ਡਾਕਟਰਾਂ ਨੇ ਦਾਸ ਨੂੰ ਤੇ ਮਹਾਂਪੁਰਸ਼ਾਂ ਨੂੰ ਦਿਖਾਈ ਸੀ। ਦੂਜੀ ਕਿਡਨੀ ਜੋ ਮਾਮੂਲੀ ਕੰਮ ਕਰ ਰਹੀ ਸੀ, ਨੂੰ ਪਸ ਕੱਢ ਕੇ ਚਾਲੂ ਕੀਤਾ ਗਿਆ। ਮੁੰਬਈ ਦੇ ਡਾਕਟਰਾਂ, ਸ੍ਰੀ ਆਸਾ ਨੰਦ ਮੱਕੜ, ਸ੍ਰੀ ਪ੍ਰਿਤਪਾਲ ਸਿੰਘ ਅਨੰਦ ਤੇ ਹੋਰ ਸ਼ਰਧਾਲੂ ਸੰਗਤਾਂ ਨੇ ਦਿਨ-ਰਾਤ ਇੱਕ ਕਰਕੇ ਸੰਤ ਭੁਪਿੰਦਰ ਸਿੰਘ ਜੀ ਦੀ ਸੇਵਾ ਕੀਤੀ। ਸੰਤ ਭੁਪਿੰਦਰ ਸਿੰਘ ਜੀ ਦਾ ਲੁਧਿਆਣਾ ਦੇ ਡੀ.ਐਮ.ਸੀ. ਹਸਪਤਾਲ ਵਿਖੇ ਮਾਹਿਰ ਡਾਕਟਰਾਂ ਪਾਸੋਂ ਦੂਜੀ ਕਿਡਨੀ ਦਾ ਇਲਾਜ ਕਰਵਾਇਆ ਗਿਆ। ਸੰਤ ਜੀ ਦੇ ਇੱਕ ਸੌ ਤੋਂ ਵੀ ਵੱਧ ਡਾਇਲੈਸਿਜ਼ ਹੋ ਚੁੱਕੇ ਸਨ। ਸੰਤ ਜੀ ਨੂੰ ਪਿਛਲੇ ੨੦-੨੨ ਦਿਨਾਂ ਤੋਂ ਬੁਖਾਰ ਹੋ ਰਿਹਾ ਸੀ। ਪਰ ਇਸ ਸਮੇਂ ਦੌਰਾ ਵੀ ਗੁਰਮਤਿ ਸਮਾਗਮਾਂ ਵਿੱਚ ਹਾਜ਼ਰੀ ਭਰਦੇ ਰਹੇ। ਅਖੀਰ ੧੫ ਅਪ੍ਰੈਲ ਨੂੰ ਡੀ.ਐਮ.ਸੀ. ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ। ਡਾਕਟਰਾਂ ਨੇ ਦਿਨ-ਰਾਤ ਸੰਤ ਜੀ ਦਾ ਇਲਾਜ ਕੀਤਾ ਪਰ ਜਦੋਂ ਧੁਰੋਂ ਸੱਦਾ ਆ ਜਾਵੇ ਤਾਂ ਕੋਈ ਕੀ ਕਰ ਸਕਦਾ ਹੈ। ਅਕਾਲ ਪੁਰਖ ਦੇ ਹੁਕਮ ਅਨੁਸਾਰ ਸੇਵਾ, ਸਿਮਰਨ, ਪਰਉਪਕਾਰ ਦੀ ਮੂਰਤ ਸੰਤ ਭੁਪਿੰਦਰ ਸਿੰਘ ਜੀ ੨੪ ਸਾਲ ਦੀ ਉਮਰ ਭੋਗ ਕੇ ੧੭ ਅਪ੍ਰੈਲ ਦਿਨ ਵੀਰਵਾਰ ਨੂੰ ਸਵੇਰੇ ੭.੧੫ ਵਜੇ ਗੁਰੂ ਚਰਨਾਂ 'ਚ ਜਾ ਬਿਰਾਜੇ।

ਸੰਤ ਭੁਪਿੰਦਰ ਸਿੰਘ ਜੀ ਦੇ ਪ੍ਰਤੀ ਸੰਗਤਾਂ ਦਾ ਪਿਆਰ ਉਨ੍ਹਾਂ ਦੇ ਅੰਤਿਮ ਸੰਸਕਾਰ ਸਮੇਂ ਹੋਏ ਇੱਕਠ ਤੋਂ ਪਤਾ ਲੱਗਦਾ ਹੈ। ਉਨ੍ਹਾਂ ਦੇ ਅੰਤਿਮ ਸੰਸਕਾਰ ਸਮੇਂ ਕੋਟਕਪੂਰਾ, ਮਲੋਟ, ਜੈਤੋ, ਫ਼ਰੀਦਕੋਟ, ਬਠਿੰਡਾ, ਮਾਛੀਵਾੜਾ, ਅੰਮ੍ਰਿਤਸਰ, ਹੁਸ਼ਿਆਰਪੁਰ, ਪਟਿਆਲਾ, ਅਨੰਦਪੁਰ ਸਾਹਿਬ, ਦਿੱਲੀ, ਗੋਨਿਆਣਾ, ਕੈਥਲ, ਯਮੁਨਾ ਨਗਰ, ਕਲਾਨੌਰ, ਰੋਹਤਕ ਆਦਿ ਤੋਂ ਸ਼ਰਧਾਲੂ ਸੰਗਤਾਂ ਵੱਡੀ ਤਦਾਦ ਵਿੱਚ ਸ਼ਾਮਲ ਹੋਈਆਂ। ਇਸ ਮੌਕੇ ਸੇਵਾ ਪੰਥੀ ਡੇਰਿਆਂ/ਟਿਕਾਣਿਆਂ ਤੋਂ ਮਹੰਤ ਬਲਬੀਰ ਸਿੰਘ ਜੀ, ਮਹੰਤ ਪ੍ਰਿਤਪਾਲ ਸਿੰਘ ਜੀ, ਮਹੰਤ ਦਿਲਬਾਗ ਸਿੰਘ ਜੀ, ਮਹੰਤ ਜਗਮੋਹਨ ਸਿੰਘ ਜੀ, ਮਹੰਤ ਕਰਮਜੀਤ ਸਿੰਘ ਜੀ, ਮਹੰਤ ਪ੍ਰੀਤਮ ਸਿੰਘ ਜੀ, ਮਹੰਤ ਹਰਬੰਸ ਸਿੰਘ ਜੀ, ਮਹੰਤ ਪਰਮਜੀਤ ਸਿੰਘ ਜੀ, ਮਹੰਤ ਹਰਨਾਮ ਸਿੰਘ ਜੀ, ਮਹੰਤ ਮਹਿੰਦਰ ਸਿੰਘ ਜੀ ਅਤੇ ਹੋਰ ਸੰਤ-ਮਹੰਤ ਵੀ ਪੁੱਜੇ ਹੋਏ ਸਨ। ਸੰਤ ਭੁਪਿੰਦਰ ਸਿੰਘ ਜੀ ਦੇ ਸ਼ਰੀਰ ਨੂੰ ਅਗਨੀ ਮਹੰਤ ਤੀਰਥ ਸਿੰਘ ਜੀ ਨੇ ਦਿਖਾਈ। ਸੰਤ ਭੁਪਿੰਦਰ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਅੰਤਿਮ ਸੰਸਕਾਰ ਦਿਹਾੜੇ (੧੮ ਅਪ੍ਰੈਲ ਨੂੰ) ਸੋਗ ਵਜੋਂ ਗੋਨਿਆਣਾ ਮੰਡੀ ਮੁਕੰਮਲ ਬੰਦ ਰਹੀ। ਮਿਤੀ ੧੯ ਅਪ੍ਰੈਲ ਨੂੰ ਸੰਤ ਜੀ ਦੇ ਪੁਸ਼ਪ ਚੁਗੇ ਗਏ।

ਸੰਤ ਭੁਪਿੰਦਰ ਸਿੰਘ ਜੀ ਦੀ ਅੰਤਿਮ ਅਰਦਾਸ ਮਿਤੀ ੨੧ ਅਪ੍ਰੈਲ ਦਿਨ ਸੋਮਵਾਰ ਨੂੰ ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ (ਬਠਿੰਡਾ) ਵਿਖੇ ਮਹੰਤ ਗੁਲਾਬ ਸਿੰਘ ਦੀਵਾਨ ਹਾਲ ਵਿੱਚ ਹੋਈ। ਇਸ ਮੌਕੇ ਤੇ ਸਮੂਹ ਸੇਵਾ ਪੰਥੀ ਡੇਰਿਆਂ ਦੇ ਮੁਖੀਆਂ ਤੋਂ ਇਲਾਵਾ ਹੋਰ ਵੀ ਸੰਤ-ਮਹੰਤ, ਵਿਦਵਾਨ, ਧਾਰਮਿਕ ਆਗੂ ਤੇ ਸ਼ਰਧਾਲੂ ਸੰਗਤਾਂ ਸ਼ਰਧਾਂਜਲੀਆਂ ਅਰਪਿਤ ਕਰਨ ਲਈ ਇਕੱਤਰ ਹੋਈਆਂ।

-ਕਰਨੈਲ ਸਿੰਘ ਐਮ.ਏ.

# ਸੰਤ ਭੁਪਿੰਦਰ ਸਿੰਘ ਜੀ 'ਸੇਵਾ-ਪੰਥੀ' ਦੇ ਅਕਾਲ ਚਲਾਣੇ, ਅੰਤਿਮ ਦਰਸ਼ਨ, ਅੰਤਿਮ ਯਾਤਰਾ, ਅੰਤਿਮ ਸੰਸਕਾਰ ਤੇ ਅੰਤਿਮ ਅਰਦਾਸ ਦੀਆਂ ਖ਼ਬਰਾਂ ਸਮਾਚਾਰ ਪੱਤਰਾਂ ਦੀ ਜ਼ੁਬਾਨੀ।

**ਰੋਜ਼ਾਨਾ ਅਜੀਤ, ਜਲੰਧਰ ਸ਼ੁੱਕਰਵਾਰ, 18 ਅਪ੍ਰੈਲ, 2003**

## ਨੌਜਵਾਨ ਧਾਰਮਿਕ ਸ਼ਖਸੀਅਤ ਸੰਤ ਬਾਬਾ ਭੁਪਿੰਦਰ ਸਿੰਘ ਟਿਕਾਣਾ ਭਾਈ ਜਗਤਾ ਜੀ ਅਕਾਲ ਚਲਾਣਾ ਕਰ ਗਏ

ਬਠਿੰਡਾ/ਗੋਨਿਆਣਾ, 17 ਅਪ੍ਰੈਲ (ਹੁਕਮ ਚੰਦ ਸ਼ਰਮਾ, ਲਛਮਣ ਗਰਗ)-ਨੌਜਵਾਨ ਧਾਰਮਿਕ ਸ਼ਖਸੀਅਤ ਸੰਤ ਬਾਬਾ ਭੁਪਿੰਦਰ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ (ਬਠਿੰਡਾ) ਆਪਣੀ 25 ਸਾਲ ਦੀ ਉਮਰ ਵਿਚ ਲੁਧਿਆਣਾ ਦੇ ਇਕ ਹਸਪਤਾਲ ਵਿਚ ਅੱਜ ਅਕਾਲ ਚਲਾਣਾ ਕਰ ਗਏ। ਸੰਤ ਬਾਬਾ ਭੁਪਿੰਦਰ ਸਿੰਘ, ਸਿੱਖ ਪੰਥ ਦੀ ਮਹਾਨ ਧਾਰਮਿਕ ਸ਼ਖਸੀਅਤ ਸੰਤ ਬਾਬਾ ਤੀਰਥ ਸਿੰਘ ਜੀ ਸੇਵਾਪੰਥੀ, ਟਿਕਾਣਾ ਭਾਈ ਜਗਤਾ ਜੀ ਦੇ ਹੋਣਹਾਰ ਭਤੀਜੇ ਸਨ ਜੋ ਕਿ ਗੁਰਦੇ ਦੀ ਤਕਲੀਫ ਕਾਰਨ ਕੁਝ ਸਮੇਂ ਤੋਂ ਬਿਮਾਰ ਸਨ ਅਤੇ ਉਨ੍ਹਾਂ ਦਾ ਲੁਧਿਆਣਾ ਦੇ ਹਸਪਤਾਲ ਵਿਚ ਇਲਾਜ ਚਲਦਾ ਸੀ। ਕੁਝ ਦਿਨ ਹੀ ਪਹਿਲਾਂ ਉਨ੍ਹਾਂ ਨੂੰ ਬੁਖਾਰ ਹੋਣ ਕਰਕੇ ਉਨ੍ਹਾਂ ਦੀ ਸਿਹਤ ਵਿਗੜਣ ਕਰਕੇ ਉਨ੍ਹਾਂ ਨੂੰ ਲੁਧਿਆਣਾ ਦੇ ਹਸਪਤਾਲ 'ਚ ਦਾਖਲ ਕੀਤਾ ਗਿਆ ਜਿਥੇ ਅੱਜ ਸਵੇਰੇ 8 ਵਜੇ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦੇ ਦੁਖਦਾਇਕ ਅਕਾਲ ਚਲਾਣੇ ਦੀ ਖਬਰ ਮਿਲਦਿਆਂ ਹੀ ਸੰਤ ਬਾਬਾ ਤੀਰਥ ਸਿੰਘ ਜੀ ਨੇ ਆਪਣੇ ਸਾਰੇ ਪ੍ਰੋਗਰਾਮ ਰੱਦ ਕਰ ਦਿੱਤੇ। ਸੰਤ ਭੁਪਿੰਦਰ ਸਿੰਘ ਦੀ ਮ੍ਰਿਤਕ ਦੇਹ ਨੂੰ ਅੱਜ ਹੀ ਲੁਧਿਆਣਾ ਤੋਂ ਗੋਨਿਆਣਾ ਮੰਡੀ ਲਿਆਂਦਾ ਗਿਆ ਅਤੇ ਇਸ ਨੂੰ ਸੰਗਤਾਂ ਦੇ ਅੰਤਿਮ ਦਰਸ਼ਨਾਂ ਲਈ ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਦੇ ਗੁਰੂ ਤੇਗ ਬਹਾਦਰ ਭਵਨ ਵਿਖੇ ਰੱਖਿਆ ਗਿਆ ਹੈ, ਜਿਥੇ ਵੱਡੀ ਗਿਣਤੀ ਵਿਚ ਸੰਗਤਾਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਹੁੰਚ ਰਹੀਆਂ ਹਨ। ਇਸ ਮੌਕੇ ਉਥੇ ਵੈਰਾਗਮਈ ਕੀਰਤਨ ਚੱਲ ਰਿਹਾ ਹੈ। ਸੰਤ ਭੁਪਿੰਦਰ ਸਿੰਘ ਦੀ ਮੌਤ ਦੀ ਖਬਰ ਮਿਲਦਿਆਂ ਹੀ ਗੋਨਿਆਣਾ ਮੰਡੀ ਦੇ ਬਾਜ਼ਾਰ ਅਫਸੋਸ ਵਜੋਂ ਬੰਦ ਹੋ ਗਏ।



ਵਪਾਰ ਮੰਡਲ ਅਤੇ ਹੋਰ ਧਾਰਮਿਕ ਤੇ ਸਮਾਜਿਕ ਸੰਗਠਨਾਂ ਨੇ ਕੱਲ੍ਹ ਵੀ ਬਾਜ਼ਾਰ ਬੰਦ ਰੱਖਣ ਦਾ ਫੈਸਲਾ ਕੀਤਾ ਹੈ। ਸੰਤ ਬਾਬਾ ਭੁਪਿੰਦਰ ਸਿੰਘ ਦਾ ਅੰਤਿਮ ਸੰਸਕਾਰ ਕੱਲ੍ਹ ਸ਼ੁੱਕਰਵਾਰ ਨੂੰ 11 ਵਜੇ ਗੋਨਿਆਣਾ ਦੇ ਸ਼ਮਸ਼ਾਨਘਾਟ ਵਿਖੇ ਕੀਤਾ ਜਾਵੇਗਾ। ਸੰਤ ਭੁਪਿੰਦਰ ਸਿੰਘ ਦੀ ਮੌਤ ਦੀ ਖਬਰ ਮਿਲਦਿਆਂ ਹੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਨਾਲ ਸੰਬੰਧਿਤ ਰਾਜ ਭਰ ਵਿਚ ਚੱਲ ਰਹੀਆਂ ਸਿੱਖਿਆ ਸੰਸਥਾਵਾਂ ਵੀ ਅਫਸੋਸ ਵਜੋਂ ਅੱਜ ਬੰਦ ਰਹੀਆਂ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਪ੍ਰਕਾਸ਼ ਸਿੰਘ ਬਾਦਲ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਭਾਈ ਬਲਵੰਤ ਸਿੰਘ ਨੰਦਗੜ੍ਹ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਾਬਾ ਮਿੱਠਾ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਭਾਈ ਸਤਿਨਾਮ ਸਿੰਘ ਭਾਈ ਰੂਪਾ, ਡਾ. ਹਰਚਰਨ ਸਿੰਘ ਗਿੱਲ, ਬੀਬੀ ਦਰਸ਼ਨ ਕੌਰ ਤੂਫਾਨ ਅਤੇ ਸ: ਮੁਖਤਿਆਰ ਸਿੰਘ ਨਥਾਣਾ ਨੇ ਸੰਤ ਭੁਪਿੰਦਰ ਸਿੰਘ ਦੀ ਬੇਵਕਤੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ ਤੇ ਦੁਖੀ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਸ: ਸਿਕੰਦਰ ਸਿੰਘ ਮਲੂਕਾ, ਨਥਾਣਾ ਅਸੰਬਲੀ ਹਲਕਾ ਦੇ ਵਿਧਾਇਕ ਸ: ਗੁਰਾ ਸਿੰਘ ਤੁੰਗਵਾਲੀ, ਹਲਕਾ ਤਲਵੰਡੀ ਸਾਬੋ ਦੇ ਵਿਧਾਇਕ ਸ: ਜੀਤਮਹਿੰਦਰ ਸਿੰਘ ਸਿੱਧੂ ਨੇ ਵੀ ਸੰਤ ਭੁਪਿੰਦਰ ਸਿੰਘ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ। ਨਗਰ ਪਾਲਿਕਾ ਗੋਨਿਆਣਾ ਮੰਡੀ ਦੇ ਸਾਬਕਾ ਪ੍ਰਧਾਨ ਸ: ਅਮੀਰ ਸਿੰਘ ਮੱਕੜ, ਸ੍ਰੀ ਗੋਬਿੰਦ ਰਾਮ ਨੇ ਵੀ ਸੰਤ ਭੁਪਿੰਦਰ ਸਿੰਘ ਦੀ ਮੌਤ 'ਤੇ ਅਫਸੋਸ ਪ੍ਰਗਟ ਕੀਤਾ ਹੈ।

ਰੋਜ਼ਾਨਾ ਅਜੀਤ, ਜਲੰਧਰ ਬੁੱਧਵਾਰ, 23 ਅਪ੍ਰੈਲ, 2003

# ਨੌਜਵਾਨ ਸੰਤ ਭੁਪਿੰਦਰ ਸਿੰਘ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਗੋਨਿਆਣਾ, 22 ਅਪ੍ਰੈਲ (ਘਣੀਆਂ)-ਹਲਕਾ ਵਿਧਾਇਕ ਸ੍ਰੀ ਗੁਰਾ ਸਿੰਘ ਤੁੰਗਵਾਲੀ, ਸਾਬਕਾ ਵਿਧਾਇਕ ਅਤੇ ਬਜ਼ੁਰਗ ਕਾਂਗਰਸੀ ਆਗੂ ਸ੍ਰੀ ਜਸਮੇਲ ਸਿੰਘ, ਸ੍ਰੀ ਭਗਵਾਨ ਸਿੰਘ ਖੇਮੂਆਣਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਗੋਨਿਆਣਾ ਮੰਡੀ, ਯੂਥ ਅਕਾਲੀਦਲ ਬਾਦਲ ਦੇ ਕੌਮੀ ਜਨਰਲ ਸਕੱਤਰ ਸ੍ਰੀ ਗੁਰਪ੍ਰੀਤ ਸਿੰਘ ਮਲੂਕਾ, ਸਥਾਨਕ ਕੱਚਾ ਆੜ੍ਹਤੀਆ ਐਸੋਸੀਏਸ਼ਨ, ਪ੍ਰੈਸ ਕਲੱਬ, ਸਪੇਅਰ ਪਾਰਟਸ ਐਸੋਸੀਏਸ਼ਨ, ਲਾਇਨਜ਼ ਕਲੱਬ, ਯੂਥ ਅਕਾਲੀ ਦਲ ਬਾਦਲ ਨੇ ਵੱਖ-ਵੱਖ ਸ਼ੋਕ ਮੀਟਿੰਗ ਕਰਕੇ ਪਾਸ ਕੀਤੇ ਗਏ ਸ਼ੋਕ ਮਤਿਆਂ 'ਚ ਉੱਚ ਅਕਾਦਮਿਕ ਅਤੇ ਧਾਰਮਿਕ ਸਿੱਖ ਹਾਸਲ, ਰੂਹਾਨੀ ਸ਼ਖਸੀਅਤ ਸੰਤ ਬਾਬਾ ਭੁਪਿੰਦਰ ਸਿੰਘ ਦੇ ਭਰਜਵਾਨੀ 'ਚ ਅਕਾਲ ਚਲਾਣੇ ਕਰਨ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸ਼ੋਕ ਮਤਿਆਂ 'ਚ ਸੰਤ ਬਾਬਾ ਭੁਪਿੰਦਰ ਸਿੰਘ ਦੇ ਅਕਾਲ ਚਲਾਣੇ ਬਾਰੇ ਟਿੱਪਣੀ 'ਚ ਕਿਹਾ ਗਿਆ ਹੈ ਕਿ ਉਹ ਇਕ ਪੜ੍ਹੀ ਲਿਖੀ ਅਜਿਹੀ ਰੂਹਾਨੀ ਸ਼ਖਸੀਅਤ ਸਨ, ਜਿਨ੍ਹਾਂ ਦਾ ਇਲਾਕੇ ਭਰ 'ਚ ਨਹੀਂ ਦੇਸ਼ ਅਤੇ ਬਾਹਰਲੇ ਨੌਜਵਾਨਾਂ 'ਤੇ ਵੀ ਇਕ ਜਾਦੂਮਈ ਅਸਰ ਸੀ। ਉਨ੍ਹਾਂ ਦੀ ਅਗਵਾਈ ਵਿਚ ਨੌਜਵਾਨ ਵਧੀਆ ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਸੰਬੰਧੀ ਜਾਣਕਾਰੀ ਹਾਸਲ ਕਰ ਰਹੇ ਸਨ। ਉਕਤ ਸ਼ੋਕ ਅਤੇ ਪ੍ਰੈਸ ਲਈ ਸ੍ਰੀ ਗੁਰਬੰਸ ਸਿੰਘ ਵਕੀਲ, ਸ੍ਰੀ ਸਵਰਨ ਸਿੰਘ ਆਕਲੀਆ, ਸੱਤਪਾਲ ਸੱਤ, ਸੁਰਿੰਦਰਪ੍ਰੀਤ, ਜਸਵਿੰਦਰ ਨੇਤਾ ਆਦਿ ਆਗੂਆਂ ਅਤੇ ਅਹੁਦੇਦਾਰਾਂ ਨੇ ਜਾਰੀ ਕੀਤੇ।

ਰੋਜ਼ਾਨਾ ਅਜੀਤ, ਜਲੰਧਰ ਸੋਮਵਾਰ, 21 ਅਪ੍ਰੈਲ, 2003

# ਅੱਜ ਭੋਗ 'ਤੇ ਵਿਸ਼ੇਸ਼ : ਸੰਤ ਭੁਪਿੰਦਰ ਸਿੰਘ ਸੇਵਾ ਪੰਥੀ

ਬਠਿੰਡਾ-ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' ਚੇਲਾ ਮਹੰਤ ਤੀਰਥ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਜੋ ਵਰਤਮਾਨ ਸਮੇਂ ਸੇਵਾ ਪੰਥੀ ਔਡਣ ਸ਼ਾਹੀ ਸਭਾ (ਰਜਿ:) ਦੇ ਪ੍ਰਧਾਨ ਵੀ ਹਨ, ਤਿਬਤੇ ਤੋਂ ਸਕੇ ਭਤੀਜੇ ਸਨ 17 ਅਪ੍ਰੈਲ ਸਵੇਰੇ 8.30 ਵਜੇ ਲੁਧਿਆਣਾ ਵਿਖੇ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਦਾ ਭੋਗ ਮਹੰਤ ਬਾਬਾ ਗੁਲਾਬ ਸਿੰਘ ਜੀ ਦੇ



ਯੱਗ-ਸਮਾਗਮ ਦਿਹਾੜੇ 21 ਅਪ੍ਰੈਲ, 2003 ਨੂੰ ਪਵੇਗਾ। ਉਪਰੰਤ ਅੰਤਿਮ ਅਰਦਾਸ ਮਹੰਤ ਗੁਲਾਬ ਸਿੰਘ ਦੀਵਾਨ ਹਾਲ ਵਿਚ ਦੁਪਹਿਰ ਇਕ ਤੋਂ 2 ਵਜੇ ਤੱਕ ਹੋਵੇਗੀ। ਸੰਤ ਭੁਪਿੰਦਰ ਸਿੰਘ ਦਾ ਜਨਮ 3 ਜੁਲਾਈ, 1979 ਨੂੰ ਸ: ਮੋਹਨ ਸਿੰਘ ਦੇ ਘਰ ਮਾਤਾ ਸਤਨਾਮ ਕੌਰ ਦੀ ਕੁੱਖੋਂ ਪਿੰਡ ਪਵਾਤ ਤਹਿ: ਸਮਰਾਲਾ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਆਪ ਨੇ ਮੁੱਢਲੀ ਵਿਦਿਆ ਗੁਰੂ ਨਾਨਕ ਫਿਫਥ ਸੈਨਟਰੀ ਸਕੂਲ ਮਨਸੂਰੀ ਤੋਂ ਪ੍ਰਾਪਤ ਕੀਤੀ। ਉਸ ਤੋਂ ਬਾਅਦ ਦਸਮੇਸ਼ ਪਬਲਿਕ ਸਕੂਲ ਫਰੀਦਕੋਟ ਵਿਖੇ ਪੜ੍ਹਾਈ ਕੀਤੀ ਤੇ ਸਥਾਨਕ ਭਾਈ ਜਗਤਾ ਜੀ ਹਾਈ ਸਕੂਲ, 1994 ਵਿਚ ਮੈਟ੍ਰਿਕ ਪਾਸ ਕੀਤੀ। ਉਚੇਰੀ ਵਿਦਿਆ ਡੀ. ਏ. ਵੀ. ਕਾਲਜ ਬਠਿੰਡਾ ਤੋਂ ਪ੍ਰਾਪਤ ਕੀਤੀ। ਅੱਜਕਲ੍ਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਐਮ. ਏ. ਅੰਗਰੇਜ਼ੀ ਦੀ ਪੜ੍ਹਾਈ ਕਰ ਰਹੇ ਸਨ। ਨਾਲੋਂ ਨਾਲ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਦੀ ਵਿਦਿਆ ਵੀ ਪ੍ਰਾਪਤ ਕੀਤੀ। ਉੱਚ ਵਿਦਿਆ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਆਪਣਾ ਸਮੁੱਚਾ ਜੀਵਨ ਬ੍ਰਹਮਗਿਆਨੀ ਮਹੰਤ ਤੀਰਥ ਸਿੰਘ ਜੀ ਦੇ ਚਰਨਾਂ ਵਿਚ ਰਹਿ ਕੇ ਕੌਮ, ਪੰਥ ਅਤੇ ਧਰਮ ਦੀ ਸੇਵਾ ਨਿਭਾਉਣ ਦਾ ਸੰਕਲਪ ਲਿਆ। 15 ਜਨਵਰੀ, 1998 ਨੂੰ ਯੱਗ ਸਮਾਗਮ ਦਿਹਾੜੇ ਸੰਤ ਸਮਾਗਮ ਵਿਚ ਭੁਪਿੰਦਰ ਸਿੰਘ ਨੂੰ ਸੇਵਾ ਪੰਥੀ ਭੇਖ ਦਿੱਤਾ ਗਿਆ। ਸੇਵਾ ਜੋਤੀ ਮੈਗਜ਼ੀਨ ਨੂੰ ਇੰਟਰਨੈੱਟ 'ਤੇ ਨਸ਼ਰ ਕਰਨ ਲਈ ਬੜੀ ਲਗਨ ਤੇ ਮਿਹਨਤ ਨਾਲ ਸੇਵਾ ਨਿਭਾਉਂਦੇ ਰਹੇ। ਭਾਈ ਘਨੱਈਆ ਚੌਕ ਬਠਿੰਡਾ ਦੀ ਯੋਜਨਾ ਤੇ ਉਸਾਰੀ ਵਿਚ ਆਪ ਜੀ ਨੇ ਬਹੁਤ ਵੱਡਾ ਯੋਗਦਾਨ ਪਾਇਆ। ਵਿਦਿਆ ਦੇ ਪ੍ਰਚਾਰ ਵਿਚ ਆਪ ਜੀ ਦੀ ਬਹੁਤ ਡੂੰਘੀ ਦਿਲਚਸਪੀ ਸੀ। ਕੁਝ ਦਿਨ ਬਿਮਾਰ ਰਹਿਣ ਉਪਰੰਤ ਸੰਤ ਭੁਪਿੰਦਰ ਸਿੰਘ 17 ਅਪ੍ਰੈਲ ਨੂੰ ਡੀ. ਐਮ. ਸੀ. ਹਸਪਤਾਲ ਲੁਧਿਆਣਾ ਵਿਖੇ ਅਕਾਲ ਚਲਾਣਾ ਕਰ ਗਏ। -ਹੁਕਮ ਚੰਦ ਸ਼ਰਮਾ

ਰੋਜ਼ਾਨਾ ਅਜੀਤ, ਜਲੰਧਰ ਸਨਿਚਰਵਾਰ, 19 ਅਪ੍ਰੈਲ, 2003

# ਬਾਬਾ ਭੁਪਿੰਦਰ ਸਿੰਘ ਸੇਵਾ ਪੰਥੀ ਨੂੰ ਹਜ਼ਾਰਾਂ ਸ਼ਰਧਾਲੂਆਂ ਵਲੋਂ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ-ਅੰਤਿਮ ਸਸਕਾਰ ਸਮੇਂ ਬਹੁਤ ਸਾਰੇ ਸੰਤ-ਮਹਾਂਪੁਰਸ਼ ਪਹੁੰਚੇ

**ਹੁਕਮ ਚੰਦ ਸ਼ਰਮਾ, ਗੁਰਪ੍ਰੀਤ ਘਣੀਆਂ, ਲਛਮਣ ਗਰਗ**

ਬਠਿੰਡਾ/ਗੋਨਿਆਣਾ ਮੰਡੀ, 18 ਅਪ੍ਰੈਲ-ਉੱਚ ਅਕਾਦਮਿਕ ਅਤੇ ਧਾਰਮਿਕ ਵਿਦਿਆ 'ਚ ਨਿਪੁੰਨ ਉੱਘੀ ਧਾਰਮਿਕ ਸ਼ਖ਼ਸੀਅਤ ਬਾਬਾ ਭੁਪਿੰਦਰ ਸਿੰਘ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ, ਜੋ ਭਰ ਜਵਾਨੀ 'ਚ ਕੱਲ੍ਹ ਸਵੇਰੇ ਲੁਧਿਆਣਾ ਦੇ ਇਕ ਹਸਪਤਾਲ ਵਿਚ ਅਕਾਲ ਚਲਾਣਾ ਕਰ ਗਏ ਸਨ, ਦੀ ਮ੍ਰਿਤਕ ਦੇਹ ਦਾ ਅੱਜ ਗੋਨਿਆਣਾ ਮੰਡੀ ਦੇ ਬਠਿੰਡਾ ਰੋਡ 'ਤੇ ਸਥਿਤ ਸ਼ਮਸ਼ਾਨਘਾਟ ਵਿਚ ਸੇਵਾਪੰਥੀ ਪਰੰਪਰਾਵਾਂ ਅਨੁਸਾਰ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਤਾ ਨੂੰ ਅਗਨੀ ਸਿੱਖ ਪੰਥ ਦੀ ਮਹਾਨ ਧਾਰਮਿਕ ਤੇ ਰੂਹਾਨੀ ਸ਼ਖ਼ਸੀਅਤ ਬਾਬਾ ਤੀਰਥ ਸਿੰਘ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ, ਜੋ ਕਿ ਸਵ: ਸੰਤ ਭੁਪਿੰਦਰ ਸਿੰਘ ਦੇ ਰਿਸ਼ਤੇ 'ਚੋਂ ਚਾਚਾ ਅਤੇ ਉਸਤਾਦ ਸਨ, ਨੇ ਦਿਖਾਈ। ਇਸ ਮੌਕੇ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚੋਂ ਪਹੁੰਚੇ ਉਨ੍ਹਾਂ ਦੇ ਹਜ਼ਾਰਾਂ ਸ਼ਰਧਾਲੂਆਂ ਦੀਆਂ ਅੱਖਾਂ 'ਚੋਂ ਨੀਰ ਵਹਿਣ ਲੱਗ ਪਿਆ। ਇਸ ਮੌਕੇ 'ਤੇ ਪਵਿੱਤਰ ਜਪੁਜੀ ਸਾਹਿਬ ਦੇ ਪਾਠ ਕੀਤੇ ਗਏ ਅਤੇ ਸੰਤ ਭੁਪਿੰਦਰ ਸਿੰਘ ਦੀ ਰੂਹ ਦੀ ਸ਼ਾਂਤੀ ਲਈ ਅਰਦਾਸ ਕੀਤੀ ਗਈ। ਅੱਜ ਦੂਜੇ ਦਿਨ ਵੀ ਸੰਤ ਭੁਪਿੰਦਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਦੇ ਸ਼ੋਕ ਵਿਚ ਗੋਨਿਆਣਾ ਮੰਡੀ ਦੇ ਮੁੱਖ ਬਾਜ਼ਾਰ ਮੁਕੰਮਲ ਬੰਦ ਰਹੇ। ਇਸ ਤੋਂ ਪਹਿਲਾਂ ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਵਿਖੇ ਗੁਰੂ ਤੇਗ ਬਹਾਦਰ ਭਵਨ ਵਿਖੇ ਸੰਤ ਭੁਪਿੰਦਰ ਸਿੰਘ ਦੀ ਮ੍ਰਿਤਕ ਦੇਹ ਨੂੰ ਦਰਸ਼ਨਾਂ ਲਈ ਰੱਖਿਆ ਗਿਆ ਜਿਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਹੋਰ ਬਹੁਤ ਸਾਰੀਆਂ ਧਾਰਮਿਕ ਸੰਸਥਾਵਾਂ ਵੱਲੋਂ ਸੰਤ ਭੁਪਿੰਦਰ ਸਿੰਘ ਨੂੰ ਸ਼ਰਧਾਂਜਲੀ ਵਜੋਂ ਸਿਰੋਪੇ ਭੇਟ ਕੀਤੇ ਗਏ। ਇਸ ਮੌਕੇ ਹੋਰ ਬਹੁਤ ਸਾਰੇ ਪ੍ਰਮੁੱਖ ਸੰਤ-ਮਹਾਂਪੁਰਸ਼ਾਂ ਨੇ ਪਹੁੰਚ ਕੇ ਸੰਤ ਭੁਪਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਅਤੇ ਪੰਜਾਬੋਂ ਬਾਹਰਲੇ ਸ਼ਹਿਰਾਂ ਯਮੁਨਾ ਨਗਰ, ਕਰਨਾਲ, ਲੁਧਿਆਣਾ, ਅੰਬਾਲਾ, ਦਿੱਲੀ ਆਦਿ ਤੋਂ ਟਿਕਾਣਾ ਭਾਈ ਜਗਤਾ ਜੀ ਨਾਲ ਸੰਬੰਧਿਤ ਸ਼ਰਧਾਲੂ ਵੱਡੀ ਗਿਣਤੀ ਵਿਚ ਪਹੁੰਚੇ ਹੋਏ ਸਨ। ਬਾਅਦ ਵਿਚ ਸੰਤ ਭੁਪਿੰਦਰ ਸਿੰਘ ਦੀ ਮ੍ਰਿਤਕ ਦੇਹ ਇਕ ਖੁੱਲ੍ਹੀ ਗੱਡੀ ਵਿਚ ਰੱਖ ਕੇ ਇਕ ਮਾਤਮੀ ਜਲੂਸ ਰਾਹੀਂ ਸ਼ਮਸ਼ਾਨਘਾਟ ਲਿਆਂਦੀ ਗਈ। ਇਸ ਮਾਤਮੀ ਜਲੂਸ ਦੀ ਅਗਵਾਈ ਬਾਬਾ ਤੀਰਥ ਸਿੰਘ ਸੇਵਾ ਪੰਥੀ, ਬਾਬਾ ਕਾਹਨ ਸਿੰਘ ਸੇਵਾਪੰਥੀ, ਬਾਬਾ ਰਣਜੀਤ ਸਿੰਘ, ਬਾਬਾ ਅੰਮ੍ਰਿਤਪਾਲ ਸਿੰਘ ਗੁਲਾਬੀ ਬਾਗ ਦਿੱਲੀ, ਬਾਬਾ ਬਲਬੀਰ ਸਿੰਘ ਪਹਾੜਗੰਜ ਦਿੱਲੀ, ਸੰਤ ਬਾਬਾ ਪਰਮਜੀਤ ਸਿੰਘ ਆਦਿ ਮਹਾਂਪੁਰਸ਼ਾਂ ਨੇ ਕੀਤੀ। ਮਾਤਮੀ ਜਲੂਸ ਗੋਨਿਆਣਾ ਮੰਡੀ ਦੇ ਵੱਖ-ਵੱਖ ਬਾਜ਼ਾਰਾਂ ਵਿਚੋਂ ਗੁਜ਼ਰਦਾ ਹੋਇਆ ਸ਼ਮਸ਼ਾਨਘਾਟ ਪਹੁੰਚਿਆ। ਇਸ ਮੌਕੇ ਵੱਡੀ ਗਿਣਤੀ ਸ਼ਰਧਾਲੂਆਂ ਨੇ ਰਸਤੇ 'ਚ ਸੰਤ ਭੁਪਿੰਦਰ ਸਿੰਘ ਨੂੰ ਸੇਜਲ ਅੱਖਾਂ ਨਾਲ ਅੰਤਿਮ ਨਮਸਕਾਰ ਕੀਤਾ। ਅੰਤਿਮ ਯਾਤਰਾ ਦੌਰਾਨ ਵੈਰਾਗਮਈ ਕੀਰਤਨ ਹੋ ਰਿਹਾ ਸੀ ਅਤੇ ਬੈਂਡ ਵਾਜੇ 'ਤੇ ਮਾਤਮੀ ਧੁਨਾਂ ਵੱਜ ਰਹੀਆਂ ਸਨ। ਮਾਤਮੀ ਜਲੂਸ ਵਿਚ ਉਕਤ ਧਾਰਮਿਕ ਸ਼ਖ਼ਸੀਅਤਾਂ ਤੋਂ ਇਲਾਵਾ ਗੋਨਿਆਣਾ ਮੰਡੀ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਸਾਧੂ ਰਾਮ ਗੋਮਾਟਾ ਪ੍ਰਧਾਨ ਨਗਰ ਕੌਂਸਲ, ਗੋਬਿੰਦ ਰਾਮ ਜਿੰਦਲ ਅਤੇ ਅਮੀਰ ਸਿੰਘ ਮੱਕੜ ਦੋਵੇਂ ਸਾਬਕਾ ਨਗਰ ਕੌਂਸਲ ਪ੍ਰਧਾਨ, ਕੁਲਬੀਰ ਸਿੰਘ ਮੱਤਾ, ਸਕੱਤਰ ਮਾਰਕੀਟ ਕਮੇਟੀ, ਸੱਤਪਾਲ ਸੱਤੀ ਪ੍ਰਧਾਨ ਵਪਾਰ ਮੰਡਲ, ਚੇਅਰਮੈਨ ਸੁਖਮੰਦਰ ਸਿੰਘ ਬਰਾੜ, ਡਾ: ਸਤਨਾਮ ਸਿੰਘ ਬਠਿੰਡਾ, ਸਵਰਨ ਸਿੰਘ ਆਕਲੀਆ, ਜਸਦੇਵ ਸਿੰਘ ਜੱਗਾ, ਜਸਵਿੰਦਰ ਨੇਤਾ ਆਦਿ ਸ਼ਾਮਿਲ ਹੋਏ। ਸੰਤ ਭੁਪਿੰਦਰ ਸਿੰਘ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 21 ਅਪ੍ਰੈਲ ਨੂੰ ਸਥਾਨਕ ਗੁਰਦੁਆਰਾ ਸਾਹਿਬ ਟਿਕਾਣਾ ਭਾਈ ਜਗਤਾ ਜੀ ਵਿਖੇ ਹੋਵੇਗਾ। ਜ਼ਿਕਰਯੋਗ ਹੈ ਕਿ ਅੰਗਰੇਜ਼ੀ ਵਿਚ ਐਮ. ਏ. ਪਾਸ ਕਰਨ ਤੋਂ ਬਿਨਾਂ ਸੰਤ ਭੁਪਿੰਦਰ ਸਿੰਘ ਸਿੱਖ ਧਰਮ ਦੇ ਪ੍ਰਮੁੱਖ ਪ੍ਰਚਾਰਕ ਅਤੇ ਰਸਭਿੰਨੇ ਕੀਰਤਨੀਏ ਸਨ। ਉਹ ਪੰਜਾਬੀ ਦੇ ਸੁਘੜ ਲਿਖਾਰੀ ਵੀ ਸਨ। ਉਨ੍ਹਾਂ ਸਿੱਖ ਧਰਮ ਵਿਸ਼ੇ 'ਤੇ ਬਹੁਤ ਸਾਰੀਆਂ ਰਚਨਾਵਾਂ ਦੀ ਸਿਰਜਣਾ ਵੀ ਕੀਤੀ। ਸੰਤ ਭੁਪਿੰਦਰ ਸਿੰਘ ਨੇ ਸਿੱਖ ਧਰਮ ਦੇ ਅਧਿਐਨ ਲਈ ਗੁਰਦੁਆਰਾ ਸਾਹਿਬ ਵਿਖੇ ਇਕ ਵੱਡੀ ਲਾਇਬ੍ਰੇਰੀ ਵੀ ਸਥਾਪਿਤ ਕੀਤੀ ਹੋਈ ਸੀ। ਉਨ੍ਹਾਂ ਦੇ ਬਚਪਨ ਤੋਂ ਹੀ ਇਕ ਗੁਰਦਾ ਨਹੀਂ ਸੀ। ਉਹ ਬਹੁਤ ਛੋਟੇ ਹੁੰਦਿਆਂ ਹੀ ਬਾਬਾ ਤੀਰਥ ਸਿੰਘ ਦੇ ਸ਼ਾਗਿਰਦ ਬਣ ਗਏ ਸਨ। ਸੰਤ ਭੁਪਿੰਦਰ ਸਿੰਘ ਦਾ ਕੁਝ ਸਮਾਂ ਪਹਿਲਾਂ ਦੂਜਾ ਗੁਰਦਾ ਖ਼ਰਾਬ ਹੋ ਗਿਆ, ਜਿਸਦਾ ਆਪ੍ਰੇਸ਼ਨ ਕੀਤਾ ਗਿਆ ਸੀ। ਇਸ ਤੋਂ ਕੁਝ ਮਹੀਨੇ ਬਾਅਦ ਤਕਲੀਫ਼ ਵਧਣ ਕਰਕੇ ਅਤੇ ਤੇਜ਼ ਬੁਖ਼ਾਰ ਹੋ ਜਾਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ।

## ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਧਾਰਮਿਕ ਸੰਸਥਾਵਾਂ ਵਲੋਂ ਸਿਰੋਪੇ ਭੇਟ

ਦੇਸ਼ ਸੇਵਕ ਸੋਮਵਾਰ 21 ਅਪ੍ਰੈਲ, 2003

ਭੋਗ 'ਤੇ ਵਿਸ਼ੇਸ਼

# ਸੇਵਾ ਪੰਥੀ ਭੁਪਿੰਦਰ ਸਿੰਘ ਨੂੰ ਯਾਦ ਕਰਦਿਆਂ

ਗੋਨਿਆਣਾ : ਸੰਤ ਭੁਪਿੰਦਰ ਸਿੰਘ ਸੇਵਾ ਪੰਥੀ ਜੋ ਹੁਣ ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ.) ਦੇ ਪ੍ਰਧਾਨ ਵੀ ਹਨ, 17 ਅਪ੍ਰੈਲ ਨੂੰ ਡੀ ਐਮ ਸੀ ਲੁਧਿਆਣਾ ਵਿਖੇ ਅਕਾਲ ਚਲਾਣਾ ਕਰ ਗਏ ਸਨ। ਜਿਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਦਾ ਭੋਗ 21 ਅਪ੍ਰੈਲ ਨੂੰ ਪਵੇਗਾ, ਉਪਰੰਤ ਅੰਤਿਮ ਅਰਦਾਸ ਮਹੰਤ ਗੁਲਾਬ ਸਿੰਘ ਦੀਵਾਨ ਹਾਲ ਵਿਚ ਹੋਵੇਗੀ। ਸੰਤ ਪੁਪਿੰਦਰ ਸਿੰਘ ਦਾ ਜਨਮ 3 ਜੁਲਾਈ 1979 ਨੂੰ ਸ. ਮੋਹਨ ਸਿੰਘ ਦੇ ਘਰ ਮਾਤਾ ਸਤਨਾਮ ਕੌਰ ਦੀ ਕੁੱਖੋਂ ਪਿੰਡ ਪਵਾਤ ਤਹਿ. ਸਮਰਾਲਾ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਨ੍ਹਾਂ ਮੁਢਲੀ ਵਿਦਿਆ ਗੁਰੂ ਨਾਨਕ ਫਿਫਥ ਸੈਨੇਟਰੀ ਸਕੂਨ ਮਨਸੂਰੀ ਤੋਂ ਪ੍ਰਾਪਤ ਕੀਤੀ। ਉਸ ਤੋਂ ਬਾਅਦ ਦਸ਼ਮੇਸ਼ ਪਬਲਿਕ ਸਕੂਲ ਫਰੀਦਕੋਟ ਵਿਖੇ ਪੜ੍ਹਾਈ ਕੀਤੀ ਤੇ ਸਥਾਨਕ ਭਾਈ ਜਗਤਾ ਜੀ ਹਾਈ ਸਕੂਲ 1994 ਵਿਚ ਮੈਟ੍ਰਿਕ ਪਾਸ ਕੀਤੀ। ਉਚੇਰੀ ਵਿਦਿਆ ਡੀ ਏ ਵੀ ਕਾਲਜ ਬਠਿੰਡਾ ਤੋਂ ਪ੍ਰਾਪਤ ਕੀਤੀ। ਅੱਜਕੱਲ੍ਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਐਮ.ਏ. ਅੰਗਰੇਜ਼ੀ ਦੀ ਪੜ੍ਹਾਈ ਕਰ ਰਹੇ ਸਨ। ਨਾਲੋ-ਨਾਲ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਦੀ ਵਿੱਦਿਆ ਵੀ ਪ੍ਰਾਪਤ ਕੀਤੀ। ਆਮ ਵੇਖਣ ਵਿਚ ਆਉਂਦਾ ਹੈ ਅੰਗਰੇਜ਼ੀ ਪੜ੍ਹੇ-ਲਿਖੇ ਨੌਜਵਾਨ ਡਾਕਟਰ, ਇੰਜੀਨੀਅਰ, ਆਈ ਏ ਐਸ ਜਾਂ ਹੋਰ ਉਚੇ ਪ੍ਰਸ਼ਾਸਕੀ ਰੁਤਬਿਆਂ ਦੀ ਪ੍ਰਾਪਤੀ ਵਿਚ ਰੁੱਝ ਜਾਂਦੇ ਹਨ, ਕਈ ਨੌਜਵਾਨ ਇਥੋਂ ਚੰਗੀ ਵਿਦਿਆ ਪ੍ਰਾਪਤ ਕਰਕੇ ਵਿਦੇਸ਼ਾਂ ਵਿਚ ਜਾਣ ਲਈ ਵਧੇਰੇ ਰੁੱਚੀ ਰੱਖਦੇ ਹਨ ਪਰ ਤਿਆਗ ਦੀ ਮੂਰਤੀ ਸੰਤ ਭੁਪਿੰਦਰ ਸਿੰਘ ਨੇ ਪਦਾਰਥਵਾਦੀ ਰੁਤਬਿਆਂ ਦਾ ਤਿਆਗ ਕਰਕੇ ਗੁਰੂ ਘਰ ਵੱਲ ਰੁੱਖ ਕਰਨ ਨੂੰ ਹੀ ਤਰਜ਼ੀਹ ਦਿੱਤੀ। ਉਚ ਵਿਦਿਆ ਪ੍ਰਾਪਤ ਕਰਨ ਉਪਰੰਤ ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਵੀ ਮੁੱਖ ਨਹੀਂ ਰੱਖਿਆ। ਬਚਪਨ ਤੋਂ ਹੀ ਭੁਪਿੰਦਰ ਸਿੰਘ ਕਿਡਨੀ ਦੀ ਬਿਮਾਰੀ ਨਾਲ ਜੂਝਦੇ ਰਹੇ ਤੇ 100 ਤੋਂ ਵੱਧ ਵਾਰ ਡਾਇਲਸਿਜ਼ ਕਰਾਉਣੇ ਪਏ। ਵਿੱਦਿਆ ਦੇ ਪ੍ਰਚਾਰ ਵਿਚ ਉਨ੍ਹਾਂ ਦੀ ਬਹੁਤ ਡੂੰਘੀ ਦਿਲਚਸਪੀ ਸੀ। ਕੁਝ ਦਿਨ ਬੁਖਾਰ ਦੇ ਚੜ੍ਹਨ ਉਤਰਨ ਕਾਰਨ ਸੰਤ ਭੁਪਿੰਦਰ ਸਿੰਘ ਨੂੰ ਡੀ ਐਮ ਸੀ ਹਸਪਤਾਲ ਵਿਚ ਇਲਾਜ ਲਈ ਦਾਖਲ ਕਰਵਾਇਆ। ਜਿੱਥੇ ਅਚਾਨਕ 17 ਅਪ੍ਰੈਲ ਨੂੰ ਉਹ ਅਕਾਲ ਚਲਾਣਾ ਕਰ ਗਏ। ਉਨ੍ਹਾਂ ਨੂੰ ਅਜਿਹਾ ਦੌਰਾ ਪਿਆ ਕਿ ਡਾਕਟਰ ਬੇਵਸ ਹੋ ਕੇ ਰਹਿ ਗਏ ਤੇ ਪਰਮਾਤਮਾ ਦਾ ਭਾਣਾ ਵਰਤਿਆ ਵੇਖ ਸਵੇਰੇ 8.30 ਵਜੇ ਡਾਕਟਰਾਂ ਨੇ ਉਨ੍ਹਾਂ ਦੇ ਅਕਾਲ ਚਲਾਣੇ ਦਾ ਐਲਾਨ ਕੀਤਾ। ਇਸ ਤਰ੍ਹਾਂ 25 ਸਾਲਾਂ ਦੀ ਆਯੂ ਵਿਚ ਸੇਵਾ ਪੰਥੀਆਂ ਦਾ ਅਨਮੋਲ ਰਤਨ ਸਭ ਨੂੰ ਵਿਛੋੜਾ ਦੇ ਗਿਆ ਅਤੇ ਆਪਣੀਆਂ ਅਭੁੱਲ ਯਾਦਾਂ ਛੱਡ ਗਿਆ।

ਲਛਮਣ ਗਰਗ/ਕਰਨੈਲ ਸਿੰਘ

ਪੰਜਾਬੀ ਟ੍ਰਿਬਿਊਨ, ਸੋਮਵਾਰ, 21 ਅਪਰੈਲ, 2003 (5)

# ਰੂਹਾਨੀ ਪੁਰਸ਼ ਸਨ ਸੰਤ ਭੁਪਿੰਦਰ ਸਿੰਘ

ਗੋਨਿਆਣਾ : ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' 17 ਅਪਰੈਲ ਸਵੇਰੇ ਡੀ.ਐਮ.ਸੀ., ਲੁਧਿਆਣਾ ਵਿਖੇ ਅਕਾਲ ਚਲਾਣਾ ਕਰ ਗਏ ਸਨ ਜਿਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਦਾ ਭੋਗ 21 ਅਪਰੈਲ ਨੂੰ ਪਵੇਗਾ। ਉਪਰੰਤ ਅੰਤਿਮ ਅਰਦਾਸ ਮਹੰਤ ਗੁਲਾਬ ਸਿੰਘ ਦੀਵਾਨ ਹਾਲ ਵਿਚ ਦੁਪਹਿਰੇ ਹੋਵੇਗੀ।

ਸੰਤ ਭੁਪਿੰਦਰ ਸਿੰਘ ਦਾ ਜਨਮ 3 ਜੁਲਾਈ, 1979 ਨੂੰ ਸ੍ਰੀ ਮੋਹਨ ਸਿੰਘ ਦੇ ਘਰ ਮਾਤਾ ਸਤਨਾਮ ਕੌਰ ਦੀ ਕੁੱਖੋਂ ਪਿੰਡ ਪਵਾਤ ਤਹਿ. ਸਮਰਾਲਾ ਜ਼ਿਲਾ ਲੁਧਿਆਣਾ ਵਿਖੇ ਹੋਇਆ। ਮੁੱਢਲੀ ਵਿਦਿਆ ਗੁਰੂ ਨਾਨਕ ਫਿਫਥ ਸੈਂਟਰੀ ਸਕੂਲ ਮਨਸੂਰੀ ਤੋਂ ਪ੍ਰਾਪਤ ਕੀਤੀ। ਉਸ ਤੋਂ ਬਾਅਦ ਦਸਮੇਸ ਪਬਲਿਕ ਸਕੂਲ ਫਰੀਦਕੋਟ ਵਿਖੇ ਪੜ੍ਹਾਈ ਕੀਤੀ ਤੇ ਸਥਾਨਕ ਭਾਈ ਜਗਤਾਰ ਜੀ ਹਾਈ ਸਕੂਲ 1994 ਵਿਚ ਮੈਟ੍ਰਿਕ ਪਾਸ ਕੀਤੀ। ਉਚੇਰੀ ਵਿਦਿਆ ਡੀ.ਏ.ਵੀ. ਕਾਲਜ ਬਠਿੰਡਾ ਤੋਂ ਪ੍ਰਾਪਤ ਕੀਤੀ। ਅੱਜਕਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਐਮ.ਏ ਅੰਗਰੇਜ਼ੀ ਦੀ ਪੜ੍ਹਾਈ ਕਰ ਰਹੇ ਸਨ। ਨਾਲੋਂ-ਨਾਲ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਸੰਗੀਤ ਦੀ ਵਿੱਦਿਆ ਵੀ ਪ੍ਰਾਪਤ ਕੀਤੀ। ਸੰਤ ਭੁਪਿੰਦਰ ਸਿੰਘ ਨੇ ਪਦਾਰਥਵਾਦੀ ਰੁਤਬਿਆਂ ਦਾ ਤਿਆਗ ਕਰਕੇ ਗੁਰੂ ਘਰ ਵੱਲ ਰੁਖ ਕਰਨ ਨੂੰ ਹੀ ਤਰਜੀਹ ਦਿੱਤੀ। ਉੱਚ ਵਿੱਦਿਆ ਪ੍ਰਾਪਤ ਕਰਨ ਉਪਰੰਤ ਉਨ੍ਹਾ ਨੇ ਆਪਣੇ ਪਰਿਵਾਰ ਨੂੰ ਵੀ ਮੁੱਖ ਨਹੀਂ ਰੱਖਿਆ ਸਗੋਂ ਆਪਣਾ ਸਮੁੱਚਾ ਜੀਵਨ ਬ੍ਰਹਮਗਿਆਨੀ ਮਹੰਤ ਤੀਰਥ ਸਿੰਘ ਦੇ ਚਰਨਾ ਵਿਚ ਰਹਿ ਕੇ ਕੌਮ, ਪੰਥ ਅਤੇ ਧਰਮ ਦੀ ਸੇਵਾ ਨਿਭਾਉਣ ਦਾ ਸੰਕਲਪ ਲਿਆ। ਬਚਪਨ ਤੋਂ ਹੀ ਭੁਪਿੰਦਰ ਸਿੰਘ ਕਿਡਨੀ ਦੀ ਬਿਮਾਰੀ ਨਾਲ ਜੂਝਦੇ ਰਹੇ ਤੇ 100 ਤੋਂ ਵੱਧ ਵਾਰ ਡਾਇਲਸਿਜ਼ ਕਰਾਉਣੇ ਪਏ। ਡੀ.ਐਮ.ਸੀ. ਲੁਧਿਆਣਾ ਵਿਖੇ 26-4-2002 ਨੂੰ ਕਿਡਨੀ ਦਾ ਸਫਲਤਾਪੂਰਵਕ ਅਪ੍ਰੇਸ਼ਨ ਹੋਇਆ। ਸੰਤ ਭੁਪਿੰਦਰ ਸਿੰਘ ਦਾ ਮਨੋਬਲ ਬੜਾ ਹੀ ਉੱਚਾ ਸੀ। ਬਿਮਾਰੀ ਦੀ ਹਾਲਤ ਵਿਚ ਵੀ ਡਾਇਲਸਿਜ਼ ਦਿਹਾੜੇ ਸਵੇਰੇ ਜਾਗਣਾ, ਇਸ਼ਨਾਨ ਕਰਨਾ, ਪਾਠ ਕਰਨਾ, ਅਧਿਐਨ ਕਰਨਾ ਤੇ ਕਥਾ ਕਰਨਾ ਜਾਰੀ ਰੱਖਿਆ। ਸੇਵਾ ਜੋਤੀ ਮੈਗਜ਼ੀਨ ਨੂੰ ਇੰਟਰਨੈੱਟ 'ਤੇ ਨਸ਼ਰ ਕਰਨ ਲਈ ਬੜੀ ਲਗਨ ਤੇ ਮਿਹਨਤ ਨਾਲ ਸੇਵਾ ਨਿਭਾਉਂਦੇ ਰਹੇ। ਭਾਈ ਘਨੱਈਆ ਚੌਕ ਬਠਿੰਡਾ ਦੀ ਯੋਜਨਾ ਤੇ ਉਸਾਰੀ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਕੁਝ ਦਿਨ ਬੁਖਾਰ ਦੇ ਚੜ੍ਹਨ ਉਤਰਨ ਕਾਰਨ ਸੰਤ ਭੁਪਿੰਦਰ ਸਿੰਘ ਨੂੰ ਡੀ.ਐਮ.ਸੀ. ਹਸਪਤਾਲ ਵਿਚ ਇਲਾਜ ਲਈ ਦਾਖਲ ਕਰਵਾਇਆ ਗਿਆ।

ਅਚਾਨਕ 17 ਅਪਰੈਲ ਨੂੰ ਉਨ੍ਹਾਂ ਨੂੰ ਅਜਿਹਾ ਦੌਰਾ ਪਿਆ ਕਿ ਡਾਕਟਰ ਬੇਵੱਸ ਹੋ ਕੇ ਰਹਿ ਗਏ ਤੇ ਉਹ ਅਕਾਲ ਚਲਾਣਾ ਕਰ ਗਏ।

-ਟ੍ਰਿਬਿਊਨ ਨਿਊਜ਼ ਸਰਵਿਸ

ਰੋਜ਼ਾਨਾ ਚੜ੍ਹਦੀਕਲਾ
ਪਟਿਆਲਾ, ਸੋਮਵਾਰ 21 ਅਪ੍ਰੈਲ, 2003

### ਅੱਜ ਅੰਤਿਮ ਅਰਦਾਸ 'ਤੇ ਵਿਸ਼ੇਸ਼

# ਸੇਵਾ ਦੀ ਮੂਰਤ ਤੇ ਕਥਾ ਵਾਚਕ : ਸੰਤ ਭੁਪਿੰਦਰ ਸਿੰਘ 'ਸੇਵਾਪੰਥੀ'

ਭਾਈ ਘਨੱਈਆ ਜੀ ਤੋਂ ਚੱਲੀ ਸੰਪਰਦਾ ਵਿਚ ਅਨੇਕਾਂ ਸੰਤ ਮਹਾਤਮਾ ਪੈਦਾ ਹੋਏ ਹਨ, ਜਿਹਨਾਂ ਦਾ ਆਪਾ ਪ੍ਰਭੂ ਭਗਤੀ, ਸੇਵਾ ਸਿਮਰਨ ਅਤੇ ਦੂਸਰਿਆਂ ਨੂੰ ਪ੍ਰਮਾਤਮਾ ਨਾਲ ਲਿਵ ਲਾਉਣ ਲਈ ਚਾਨਣ ਮੁਨਾਰਾ ਹੁੰਦਾ ਸੀ। ਇਹੋ ਜਿਹੇ ਹੀ ਮਹਾਨ ਤਿਆਗੀ, ਪਰਉਪਕਾਰੀ ਪ੍ਰਭੂ ਭਗਤੀ ਵਿਚ ਲੀਨ ਓ ਕਥਾ ਵਾਚਕ ਸੰਤ ਭੁਪਿੰਦਰ ਸਿੰਘ ਜੀ 'ਸੇਵਾਪੰਥੀ' ਗੋਨਿਆਣਾ ਮੰਡੀ ਵਾਲੇ ਸਨ।

ਸੰਤ ਭੁਪਿੰਦਰ ਸਿੰਘ ਦਾ ਜਨਮ ਪਿੰਡ ਪਵਾਤ ਨੇੜੇ ਮਾਛੀਵਾੜਾ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ੍ਰ. ਮੋਹਨ ਸਿੰਘ ਜੀ ਦੇ ਗ੍ਰਹਿ 1979 ਈ. ਵਿਚ ਹੋਇਆ। ਬਚਪਨ ਤੋਂ ਹੀ ਆਪ ਨੂੰ ਬਾਣੀ ਦੀ ਲਗਨ ਸੇਵਾ ਤੇ ਕੀਰਤਨ ਦਾ ਸ਼ੌਕ ਸੀ। ਆਪ ਬਚਪਨ ਵਿਚ ਹੀ ਆਪਣੇ ਚਾਚਾ ਸ੍ਰੀਮਾਨ ਮਹੰਤ ਤੀਰਥ ਸਿੰਘ ਜੀ ਸੇਵਾ ਪੰਥੀ ਅੱਡਣ ਸ਼ਾਹੀ ਸਭਾ ਅੰਮ੍ਰਿਤਸਰ ਤੇ ਪ੍ਰਧਾਨ ਤੇ ਟਿਕਾਣਾ ਭਾਈ ਜਗਤਾ ਜੀ ਸਾਹਿਬ ਦੀ ਨਾਦੀ ਬੀਸਾਵਲੀ ਦੇ 12ਵੇਂ ਮੁੱਖ ਸਰਪ੍ਰਸਤ ਹਨ, ਦੀ ਸ਼ਰਨ ਵਿਚ ਆ ਗਏ ਸੀ ਮਹੰਤ ਤੀਰਥ ਸਿੰਘ ਜੀ ਨੇ ਹੀ ਇਹਨਾਂ ਨੂੰ ਪੜ੍ਹਾਇਆ ਲਿਖਾਇਆ ਹੈ।

ਸੰਤ ਭੁਪਿੰਦਰ ਸਿੰਘ ਨੇ ਮੁਢਲੀ ਵਿਦਿਆ ਮੰਸੂਰੀ ਤੇ ਦਸ਼ਮੇਸ਼ ਪਬਲਿਕ ਸਕੂਲ ਫਰੀਦਕੋਟ ਤੋਂ ਪ੍ਰਾਪਤ ਕੀਤੀ। ਪਰ ਸੰਤ ਭੁਪਿੰਦਰ ਸਿੰਘ ਜੀ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਰਹਿੰਦਿਆਂ ਹੀ ਸੇਵਾ ਕਰਨ ਦੇ ਨਾਲ ਨਾਲ ਬੀ.ਏ. ਤੱਕ ਵਿਦਿਆ ਵੀ ਪ੍ਰਾਪਤ ਕੀਤੀ। ਉਹ ਡੇਰੇ ਵਿਚ ਆਈ ਸਾਧ ਸੰਗਤ ਦੀ ਸੇਵਾ ਬੜੇ ਪਿਆਰ, ਸ਼ਰਧਾ ਤੇ ਸਤਿਕਾਰ ਨਾਲ ਕਰਦੇ ਸਨ।

ਮਹੰਤ ਤੀਰਥ ਸਿੰਘ ਜੀ ਨੇ ਹੀ ਇਹਨਾਂ ਨੂੰ ਸੇਵਾ ਸਿਮਰਨ ਦੀ ਗੁੜ੍ਹਤੀ ਦਿਤੀ, ਜਦੋਂ ਸੇਵਾ ਕਰਨ 'ਚ ਪੂਰਾ ਉਤਰਦੇ ਦਿਸੇ ਤਾਂ ਮਹੰਤ ਤੀਰਥ ਸਿੰਘ ਜੀ ਨੇ ਬ੍ਰਹਮ ਗਿਆਨੀ ਭਾਈ ਜਗਤਾ ਜੀ ਦੇ 186ਵੇਂ ਯੱਗ ਭੰਡਾਰੇ ਦੇ ਸ਼ੁਭ ਅਵਸਰ 'ਤੇ 15 ਜਨਵਰੀ 1998 ਈ. ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਸ਼ ਵੰਸ਼ ਸ੍ਰੀ ਹਜ਼ੂਰ ਬਾਬਾ ਸਰਬਜੋਤ ਸਿੰਘ ਜੀ ਬੇਦੀ ਸਾਹਿਬ ਪਾਸੋਂ ਤਿਲਕ ਲਗਵਾ ਕੇ ਦਸਤਾਰ ਸਜਾਉਣ ਦੀ ਰਸਮ ਅਦਾ ਕੀਤੀ।

ਅਕਾਲ ਪੁਰਖ ਦੇ ਅਨੁਸਾਰ ਸੇਵਾ ਸਿਮਰਨ, ਪਰਉਪਕਾਰ ਦੀ ਸੂਰਤ ਸੰਤ ਭੁਪਿੰਦਰ ਸਿੰਘ ਜੀ 24 ਸਾਲ ਦੀ ਉਮਰ ਭੋਗ ਕੇ 17 ਅਪ੍ਰੈਲ ਦਿਨ ਵੀਰਵਾਰ ਨੂੰ ਸਵੇਰੇ 7.15 ਵਜੇ ਗੁਰੂ ਚਰਨਾਂ 'ਚ ਜਾ ਬਿਰਾਜੇ।

ਸੰਤ ਭੁਪਿੰਦਰ ਸਿੰਘ ਜੀ ਦੀ ਅੰਤਿਮ ਅਰਦਾਸ ਅੱਜ ਮਿਤੀ 21 ਅਪ੍ਰੈਲ ਦਿਨ ਸੋਮਵਾਰ ਨੂੰ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਵਿਖੇ ਮਹੰਤ ਗੁਲਾਬ ਸਿੰਘ ਦੀਵਾਨ ਹਾਲ ਵਿਚ ਹੋ ਰਹੀ ਹੈ।

ਇਸ ਮੌਕੇ 'ਤੇ ਸਮੂਹ ਸੇਵਾ ਪੰਥੀ ਡੇਰਿਆਂ ਦੇ ਮੁਖੀਆਂ ਤੋਂ ਇਲਾਵਾ ਹੋਰ ਵੀ ਸੰਤ ਮਹੰਤ ਵਿਦਵਾਨ, ਧਾਰਮਿਕ ਆਗੂ ਤੇ ਸ਼ਰਧਾਲੂ ਸੰਗਤਾਂ ਸ਼ਰਧਾਂਜਲੀਆਂ ਅਰਪਿਤ ਕਰਨ ਲਈ ਇੱਕਤਰ ਹੋ ਰਹੇ ਹਨ।

*-ਕਰਨੈਲ ਸਿੰਘ ਐਮ.ਏ.*

ਰੋਜ਼ਾਨਾ ਅਜੀਤ, ਜਲੰਧਰ ਮੰਗਲਵਾਰ, 22 ਅਪ੍ਰੈਲ, 20(

# ਉੱਚ ਅਕਾਦਮਿਕ ਅਤੇ ਧਾਰਮਿਕ ਸਿੱਖਿਆ ਹਾਸਿਲ ਕਰਨ ਵਾਲੇ ਬਾਬਾ ਭੁਪਿੰਦਰ ਸਿੰਘ ਸੇਵਾਪੰਥੀ ਨੂੰ ਸ਼ਰਧਾਂਜਲੀਆਂ ਭੇਟ

ਗੋਨਿਆਣਾ ਮੰਡੀ, 21 ਅਪ੍ਰੈਲ (ਸ਼ਰਮਾ, ਘਣੀਆ, ਗਰਗ)- ਉੱਚ ਅਕਾਦਮਿਕ ਅਤੇ ਧਾਰਮਿਕ ਸਿੱਖਿਆ ਹਾਸਲ ਨੌਜਵਾਨ ਬਾਬਾ ਭੁਪਿੰਦਰ ਸਿੰਘ ਦੀ ਆਂਤਮਿਕ ਸ਼ਾਂਤੀ ਲਈ ਅਖੰਡ ਪਾਠਾਂ ਦੇ ਭੋਗ ਅਤੇ ਸ਼ਰਧਾਂਜਲੀ ਸਮਾਗਮ ਸਥਾਨਕ ਟਿਕਾਣਾ ਭਾਈ ਜਗਤਾ ਜੀ ਵਿਖੇ ਹੋਇਆ। ਇਸ ਸਮੇਂ ਪੰਜਾਬ ਅਤੇ ਪੰਜਾਬ ਰਾਜ ਤੋਂ ਬਾਹਰਲੇ ਸ਼ਹਿਰਾਂ ਤੋਂ ਅਨੇਕਾਂ ਪ੍ਰਸਿੱਧ ਧਾਰਮਿਕ ਸ਼ਖਸੀਅਤਾਂ ਅਤੇ ਪੰਜਾਬ ਦੇ ਪ੍ਰਸਿੱਧ ਸਿਆਸੀ ਆਗੂਆਂ ਤੋਂ ਬਿਨਾਂ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਨ ਇਹ ਸਵਰਗਵਾਸੀ ਸੰਤ ਬਾਬਾ ਭੁਪਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ।

ਪਹਿਲਾਂ ਦਰਬਾਰ ਸਾਹਿਬ ਵਿਖੇ ਅਖੰਡ ਪਾਠਾਂ ਦੇ ਭੋਗ ਪਾਏ ਗਏ ਅਤੇ ਬਾਅਦ ਦੁਪਹਿਰ ਦੀਵਾਨ ਹਾਲ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਇਸ ਮੌਕੇ ਮਹੰਤ ਪਰਮਜੀਤ ਸਿੰਘ ਰੋਹਤਕ ਵਾਲੇ, ਮਹੰਤ ਕਰਮਜੀਤ ਸਿੰਘ ਯਮੁਨਾਨਗਰ ਵਾਲੇ, ਮਹੰਤ ਦਿਲਬਾਗ ਸਿੰਘ ਆਨੰਦਪੁਰ ਸਾਹਿਬ ਵਾਲੇ, ਬਾਬਾ ਰਾਮ ਸਿੰਘ ਧੀਂਗੜਾ ਵਾਲਿਆਂ ਦੇ ਦੂਤ ਸੰਤ ਅਮਰਜੀਤ ਸਿੰਘ ਭੋਲਾ ਨੇ ਬਾਬਾ ਭੁਪਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸੰਤ ਭੁਪਿੰਦਰ ਸਿੰਘ ਸੇਵਾ, ਸਿਮਰਨ, ਤਿਆਗ ਦੀ ਇਕ ਅਜਿਹੀ ਤ੍ਰਿਵੇਣੀ ਸਨ, ਜਿਨ੍ਹਾਂ ਨੇ ਬਹੁਤ ਛੋਟੀ ਉਮਰ 'ਚ ਬਹੁਤ ਉੱਚਾ ਅਧਿਆਤਮਕ ਸਥਾਨ ਪ੍ਰਾਪਤ ਕਰ ਲਿਆ ਸੀ। ਇਸ ਮੌਕੇ ਮਹੰਤ ਮਹਿੰਦਰ ਸਿੰਘ ਦਿੱਲੀ ਵਾਲੇ, ਮਹੰਤ ਪ੍ਰਿਤਪਾਲ ਸਿੰਘ ਹੁਸ਼ਿਆਰਪੁਰ, ਮਹੰਤ ਚਮਕੌਰ ਅੰਮ੍ਰਿਤਸਰ ਸਾਹਿਬ, ਸੰਤ ਪ੍ਰੀਤਮ ਸਿੰਘ ਪਟਿਆਲਾ, ਮਹੰਤ ਹਰਨਾਮ ਸਿੰਘ ਕਲਾਨੌਰ, ਸੰਤ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਵਾਲਿਆਂ ਦੇ ਪ੍ਰਤੀਨਿਧ ਸੰਤ ਹਰਬੰਸ ਸਿੰਘ, ਮਹੰਤ ਮੱਖਣ ਸਿੰਘ ਅੰਮ੍ਰਿਤਸਰ ਦੇ ਦੂਤ ਸੰਤ ਫੌਜਾ ਸਿੰਘ, ਮਹੰਤ ਇਕਬਾਲ ਸਿੰਘ ਰੋਹਤਕ, ਸ੍ਰੀਮਾਨ ਸੰਤ 108 ਸੰਤ ਮੋਹਨ ਦਾਸ ਯਮੁਨਾ ਨਗਰ, ਬਾਬਾ ਨੱਥਾ ਸਿੰਘ ਬੁੱਢਾ ਜੋਹੜ ਆਦਿ ਧਾਰਮਿਕ ਸ਼ਖਸੀਅਤਾਂ ਹਾਜ਼ਰ ਸਨ। ਇਸ ਤੋਂ ਇਲਾਵਾ ਸਿਆਸੀ ਆਗੂਆਂ ਚੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸ: ਪ੍ਰਕਾਸ਼ ਸਿੰਘ ਬਾਦਲ, ਸ: ਸਿਕੰਦਰ ਸਿੰਘ ਮਲੂਕਾ ਸਾਬਕਾ ਊਰਜਾ ਮੰਤਰੀ, ਸ੍ਰੀ ਗੁਰਾ ਸਿੰਘ ਤੁੰਗਵਾਲੀ ਵਿਧਾਇਕ ਹਲਕਾ ਨਥਾਣਾ, ਗੁਰਪ੍ਰੀਤ ਸਿੰਘ ਮਲੂਕਾ, ਭੋਲਾ ਸਿੰਘ ਗਿੱਲਪੱਤੀ, ਸਵਰਨ ਸਿੰਘ ਆਕਲੀਆ, ਅਮੀਰ ਸਿੰਘ ਮੱਕੜ, ਟਹਿਲ ਸਿੰਘ ਸੰਧੂ, ਯੂਥ ਕਾਂਗਰਸੀ ਆਗੂ ਵੀ ਸ਼ਰਧਾਂਜਲੀ ਸਮਾਗਮ ਸਮੇਂ ਹਾਜ਼ਰ ਸਨ।

ਇਸ ਮੌਕੇ ਰਾਜ ਭਰ ਚੋਂ ਆਏ ਸ਼ੋਕ ਮਤੇ ਵੀ ਪੜ੍ਹ ਕੇ ਸੁਣਾਏ ਗਏ, ਜਿਨ੍ਹਾਂ ਵਿਚ ਮਲੋਟ, ਪਟਿਆਲਾ, ਫਰੀਦਕੋਟ, ਅੰਮ੍ਰਿਤਸਰ ਅਤੇ ਸਥਾਨਕ ਗੋਨਿਆਣਾ ਮੰਡੀ ਦੀਆਂ ਬਹੁਤ ਸਾਰੀਆਂ ਧਾਰਮਿਕ, ਸਿੱਖਿਅਕ ਅਤੇ ਸਮਾਜਿਕ ਸੰਸਥਾਵਾਂ ਦੇ ਨਾਂਅ ਸ਼ਾਮਿਲ ਹਨ। ਇਸ ਮੌਕੇ ਰਾਗੀ ਭੁਪਿੰਦਰ ਸਿੰਘ ਜੰਮੂ ਵਾਲੇ, ਮਨਪ੍ਰੀਤ ਸਿੰਘ ਲੁਧਿਆਣਾ ਵਾਲੇ, ਗੁਰਚਰਨ ਸਿੰਘ ਰਸੀਆ ਲੁਧਿਆਣਾ ਵਾਲੇ, ਕਥਾਕਾਰ ਸਰਬਜੀਤ ਸਿੰਘ ਗੋਬਿੰਦਪੁਰੀ ਨੇ ਇਲਾਹੀ ਬਾਣੀ ਚੋਂ ਵੈਰਾਗਮਈ ਕੀਰਤਨ ਵੀ ਕੀਤਾ। ਸ਼ਰਧਾਂਜਲੀ ਸਮਾਗਮ ਦਾ ਸੰਚਾਲਣ ਸ੍ਰੀ ਜੋਗਿੰਦਰ ਸਿੰਘ ਸਾਗਰ ਕੋਟਕਪੁਰਾ ਵਾਲਿਆਂ ਨੇ ਕੀਤਾ।

ਬਹੁਤ ਸਾਰੇ ਐਜੂਕੇਸ਼ਨਲ ਟ੍ਰਸਟਾਂ, ਸਿੱਖਿਆ ਸੰਸਥਾਵਾਂ, ਸੇਵਾ ਸੁਸਾਇਟੀਆਂ ਅਤੇ ਉੱਘੇ ਵਿਅਕਤੀਆਂ ਵੱਲੋਂ ਪੁੱਜੇ ਸ਼ੋਕ-ਸੰਦੇਸ਼

(1704-2004)

# ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ

ਮਹੰਤ ਤੀਰਥ ਸਿੰਘ ਜੀ
ਟਿਕਾਣਾ ਭਾਈ ਜਗਤਾ ਜੀ,
ਗੋਨਿਆਣਾ ਮੰਡੀ (ਬਠਿੰਡਾ)
ਪਰਮ ਸਤਿਕਾਰਯੋਗ ਮਹੰਤ ਜੀ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕਾ ਫਤਹਿ ॥

ਅੱਜ ਮਿਤੀ 18-4-2003 ਨੂੰ ਅਜੀਤ ਅਖਬਾਰ ਵਿੱਚ ਇਹ ਖਬਰ ਪੜ੍ਹ ਕੇ ਅਤਿਅੰਤ ਦੁੱਖ ਹੋਇਆ ਹੈ ਕਿ ਆਪ ਜੀ ਦੇ ਭਤੀਜੇ ਨੌਜਵਾਨ ਧਾਰਮਿਕ ਸ਼ਖਸੀਅਤ ਸੰਤ ਬਾਬਾ ਭੁਪਿੰਦਰ ਸਿੰਘ ਜੀ ਗੁਰਦੇ ਦੀ ਤਕਲੀਫ ਕਾਰਨ ਕਲ ਮਿਤੀ 17-4-2003 ਨੂੰ ਲੁਧਿਆਣਾ ਦੇ ਇਕ ਹਸਪਤਾਲ ਵਿੱਚ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਦੇ ਦੁਖਦਾਇਕ ਅਤੇ ਬੇ-ਵਕਤ ਅਕਾਲ ਚਲਾਣਾ ਕਰ ਜਾਣ ਨਾਲ ਟਿਕਾਣਾ ਭਾਈ ਜਗਤਾ ਜੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਮੈ ਸਿਰਜਣਹਾਰ ਵਾਹਿਗੁਰੂ ਅਕਾਲ ਪੁਰਖ ਜੀ ਦੇ ਸਨਮੁੱਖ ਅਰਦਾਸ ਜੋਦੜੀ ਕਰਦਾ ਹਾਂ ਕਿ ਪ੍ਰਮਾਤਮਾ ਉਹਨਾਂ ਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਸਮੂਹ ਸਕੇ ਸੰਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਸਮੁੱਚਾ ਚੀਫ ਖਾਲਸਾ ਦੀਵਾਨ ਇਸ ਦੁੱਖ ਦੀ ਘੜੀ ਵਿੱਚ ਆਪ ਜੀ ਦੇ ਨਾਲ ਸ਼ਰੀਕ ਹੁੰਦਾ ਹੈ।

ਹਮਦਰਦੀ ਸਹਿਤ
(ਭਾਗ ਸਿੰਘ ਅਣਖੀ)
ਆਨਰੇਰੀ ਸਕੱਤਰ)

# ਜੀ. ਟੀ. ਬੀ ਖਾਲਸਾ ਟ੍ਰਸਟ ਤੇ ਸੰਸਥਾਵਾਂ (ਛਾਪਿਆਂਵਾਲੀ ਮਲੋਟ)

ਸਾਡੇ ਸਤਿਕਾਰਤ ਟਰੱਸਟੀ ਸੰਤ ਬਾਬਾ ਭੁਪਿੰਦਰ ਸਿੰਘ ਜੀ ਸੇਵਾ ਪੰਥੀ, ਟਿਕਾਣਾ ਭਾਈ ਜਗਤਾ ਜੀ (ਗੋਨਿਆਣਾ ਮੰਡੀ) ਮਿਤੀ 17 ਅਪ੍ਰੈਲ 2003 ਨੂੰ, ਭਰ ਜਵਾਨੀ ਵਿੱਚ ਸਾਨੂੰ ਸਭਨਾਂ ਨੂੰ ਸਦੀਵੀ ਵਿਛੋੜਾ ਦੇ ਕੇ ਉਸ ਪਰਮ ਪਿਤਾ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਸੰਤ ਜੀ ਬਚਪਨ ਤੋਂ ਹੀ ਧਾਰਮਿਕ ਤੇ ਪਰਉਪਕਾਰੀ ਤਬੀਅਤ ਦੇ ਮਾਲਕ ਸਨ। ਸੰਤ ਜੀ ਸਿੱਖ ਪੰਥ ਦੀ ਮਹਾਨ ਧਾਰਮਿਕ ਸਖਸ਼ੀਅਤ ਮਹੰਤ ਬਾਬਾ ਤੀਰਥ ਸਿੰਘ ਜੀ ਦੇ ਭਤੀਜੇ ਹਨ। ਸੰਤ ਭੁਪਿੰਦਰ ਸਿੰਘ ਜੀ ਉਚ ਵਿੱਦਿਆ ਪ੍ਰਾਪਤ, ਅਨੇਕਾ ਧਰਮਾਂ ਦੇ ਗਿਆਤਾ, ਸਿੱਖ ਧਰਮ ਦੇ ਪ੍ਰਮੁੱਖ ਪ੍ਰਚਾਰਕ ਰਸਭਿੰਨੇ ਕੀਰਤਨੀਏ ਵੀ ਸਨ। ਉਹਨਾਂ ਨੇ ਸਿੱਖ ਧਰਮ ਦੇ ਵਿਸ਼ੇ ਤੇ ਬਹੁਤ ਸਾਰੀਆਂ ਰਚਨਾਵਾਂ ਦੀ ਸਿਰਜਣਾ ਕੀਤੀ।

ਉਹਨਾਂ ਦਾ ਏਸ ਉਮਰੇ ਟੁਰ ਜਾਣਾ, ਸਮੁੱਚੀ ਇਨਸਾਨੀਅਤ ਅਤੇ ਖਾਸ ਕਰਕੇ ਸਿੱਖ ਧਰਮ ਲਈ ਇਕ ਕਦੇ ਨਾ ਪੂਰਾ ਹੋ ਸਕਣ ਵਾਲਾ ਘਾਟਾ ਹੈ। ਇਸ ਗਮ ਦੀ ਘੜੀ ਸਮੇਂ ਸਾਡੀ ਉਸ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਸਾਨੂੰ ਸਭਨਾਂ ਨੂੰ ਇਹ ਭਾਣਾ ਮੰਨਣ ਦਾ ਬਲ ਅਤੇ ਉਹਨਾਂ ਵਲੋਂ ਵਿਖਾਏ ਰਸਤੇ ਉਤੇ ਚਲਣ ਦੀ ਹਿੰਮਤ ' ਤੇ ਸਮਰਥਾ ਬਖਸ਼ੇ।

ਵੱਲੋਂ : ਚੇਅਰਮੈਨ ਸਮੂਹ ਟਰੱਸਟ ਮੈਂਬਰਾਨ (ਗੁਰੂ ਤੇਗ ਬਹਾਦਰ ਐਜੂਕੇਸਨਲ ਟਰਸੱਟ ਮਲੋਟ)
ਵੱਲੋਂ ਪ੍ਰਿੰਸੀਪਲ ਅਤੇ ਸਮੂਹ ਸਟਾਫ ਜੀ. ਟੀ. ਬੀ ਖਾਲਸਾ ਇੰਸ. ਆਫ ਇੰਜ ਅਤੇ ਟੈਕਨੋਲੋਜੀ (ਛਾਪਿਆਂਵਾਲੀ ਮਲੋਟ)
ਵੱਲੋਂ ਪ੍ਰਿੰਸੀਪਲ ਅਤੇ ਸਮੂਹ ਸਟਾਫ ਜੀ. ਟੀ. ਬੀ ਖਾਲਸਾ ਪੋਲੀਟੈਕਨਿਕ ਕਾਲਜ(ਛਾਪਿਆਂਵਾਲੀ ਮਲੋਟ)

# ਗੁਰੂ ਤੇਗ ਬਹਾਦਰ ਖਾਲਸਾ ਸੀ. ਸੈਕੰਡਰੀ ਸਕੂਲ, ਮਲੋਟ

ਗੁਰੂ ਤੇਗ ਬਹਾਦਰ ਐਜੁਕੇਸ਼ਨਲ ਸੋਸਾਇਟੀ (ਰਜਿ.) ਮਲੋਟ ਵੱਲੋਂ 20 ਅਪ੍ਰੈਲ 2003 ਨੂੰ ਇਹ ਸ਼ੋਕ ਮਤਾ ਪੜ੍ਹਿਆ ਅਤੇ ਪ੍ਰਵਾਨ ਕੀਤਾ ਗਿਆ।

ਮਿਤੀ 17-4-2003 ਨੂੰ ਸੰਤ ਭੁਪਿੰਦਰ ਸਿੰਘ ਜੀ ਦੇ ਭਰ ਜਵਾਨੀ ਵਿੱਚ ਹੋਏ ਦੇਹਾਂਤ ਕਾਰਣ, ਇਲਾਕੇ ਭਰ ਦੇ ਲੋਕਾਂ ਵਿੱਚ ਗਮੀ ਦੀ ਲਹਿਰ ਫੈਲ ਗਈ। ਸੰਤ ਭੁਪਿੰਦਰ ਸਿੰਘ ਜੀ, ਭਾਈ ਘਨ੍ਹਈਆ ਸੇਵਾ ਸੰਪ੍ਰਦਾ ਨਾਲ ਸੰਬੰਧਤ ਸਨ। ਆਪ ਜੀ ਗੁਰੂ ਤੇਗ ਬਹਾਦੁਰ ਐਜੂਕੇਸ਼ਨਲ ਟਰੱਸਟ (ਰਜਿ.) ਮਲੋਟ ਦੇ ਸਨਮਾਨਤ ਟਰੱਸਟੀ ਸਨ। ਆਪ ਇੱਕ ਵਧੀਆ ਸੰਸਥਾਵਾ ਦੇ ਵਿਕਾਸ ਵਿੱਚ ਡੂੰਘੀ ਰੁਚੀ ਰੱਖਦੇ ਸਨ। ਉਹਨਾਂ ਦੇ ਦੇਹਾਂਤ ਕਾਰਣ, ਭਾਈ ਘਨ੍ਹਈਆ ਸੇਵਾ ਸੰਪ੍ਰਦਾ ਦੀ ਇੱਕ ਮਜਬੂਤ ਕੜੀ ਟੁੱਟ ਗਈ ਹੈ।

ਸਮੂਹ ਮੈਂਬਰਜ਼ ਅਤੇ ਟਰੱਸਟੀਜ਼, ਸੰਤ ਭੁਪਿੰਦਰ ਸਿੰਘ ਜੀ ਦੇ ਪਰਿਵਾਰ ਪ੍ਰਤੀ ਡੂੰਘੀ ਹਮਦਰਦੀ, ਪਿਆਰ ਅਤੇ ਸਤਿਕਾਰ ਪ੍ਰਗਟ ਕਰਦੇ ਹਨ ਅਤੇ ਇਸ ਵਿਛੋੜੇ ਦੀ ਘੜੀ ਵਿੱਚ ਉਹਨਾਂ ਨਾਲ ਖੜ੍ਹੇ ਹਨ। ਅਕਾਲ ਪੁਰਖ ਉਹਨਾਂ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

ਡਾ. ਪ੍ਰਿਤਪਾਲ ਸਿੰਘ, ਚੇਅਰਮੈਨ
ਗੁਰੂ ਤੇਗ ਬਹਾਦੁਰ ਐਜੂਕੇਸ਼ਨਲ ਸੋਸਾਇਟੀ ਮਲੋਟ

# ਭਾਈ ਘਨੱਈਆ ਸੇਵਾ ਸੁਸਾਇਟੀ ਫਰੀਦਕੋਟ ਬਰਾਂਚ

ਸੇਵਾ ਪੰਥੀਆਂ ਦੇ ਮੁੱਖ ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ ਵਿਖੇ 'ਸੇਵਾ ਪੰਥ' ਨੂੰ ਸਮਰਪਿਤ ਸੰਤ ਭੁਪਿੰਦਰ ਸਿਘ ਜੀ ਨੇ ਆਪਣੇ ਛੋਟੇ ਜਿਹੇ ਜੀਵਨ ਵਿੱਚ ਮਾਨਵਤਾ ਦੀ ਸੇਵਾ ਅਤੇ ਭਾਈ ਘਨੱਈਆ ਜੀ ਦੇ ਸੰਦੇਸ਼ ਨੂੰ ਜਿਆਦਾ ਤੋਂ ਜਿਆਦਾ ਲੋਕਾਂ ਤਕ ਪਹੁੰਚਾਉਣ ਲਈ ਅਣਥੱਕ ਯਤਨ ਕਰਦੇ ਰਹੇ। ਉਨ੍ਹਾਂ ਵੱਲੋਂ 'ਸੇਵਾ ਜੋਤੀ' ਦਾ ਪ੍ਰਕਾਸ਼ਨ ਸੰਭਾਲਿਆ ਗਿਆ ਤੇ ਉਨ੍ਹਾਂ ਅੰਤ ਤਕ ਇਹ ਸੇਵਾ ਸਿਦਕ ਨਾਲ ਨਿਭਾਈ।

ਉਨਾਂ ਦੇ ਪ੍ਰਲੋਕ ਸਿਧਾਰ ਜਾਣ ਨਾਲ ਸੇਵਾ ਪੰਥ ਨੂੰ ਹੀ ਨਹੀਂ ਸਗੋਂ ਸਾਰੇ ਸਮਾਜ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੋਇਆ ਹੈ। ਭਾਈ ਘਨੱਈਆ ਸੇਵਾ ਸੁਸਾਇਟੀ ਬਰਾਂਚ ਫਰੀਦਕੋਟ ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ ਜੀ ਦੇ ਅਚਾਨਕ ਪ੍ਰਲੋਕ ਸਿਧਾਰਨ ਤੇ ਡੂੰਘੇ ਅਫਸੋਸ ਦਾ ਪ੍ਰਗਟਾਵਾ ਕਰਦੀ ਹੈ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੀ ਹੈ ਕਿ ਉਨ੍ਹਾਂ ਦੀ ਪਵਿਤਰ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ। ਭਾਈ ਘਨੱਈਆ ਸੁਸਾਇਟੀ ਹਮੇਸ਼ਾ ਹੀ ਉਨ੍ਹਾਂ ਦੇ ਦਰਸਾਏ ਹੋਏ ਰਸਤੇ ਤੇ ਚਲਦੀ ਰਹੇਗੀ।

(ਡਾ. ਗੁਰਿੰਦਰ ਮੋਹਨ ਸਿੰਘ)
ਪ੍ਰਧਾਨ

# ਐਲਡਰਜ਼ ਸਰਵਿਸ ਸੋਸਾਇਟੀ, ਫਰੀਦਕੋਟ।

ਧਾਰਮਿਕ ਸਖਸੀਅਤ ਸੰਤ ਬਾਬਾ ਭੁਪਿੰਦਰ ਸਿੰਘ ਜੀ ਸੇਵਾ ਪੰਥੀ ਦੇ ਅਕਾਲ ਚਲਾਣੇ ਬਾਰੇ ਖਬਰ ਪੜ੍ਹ ਕਿ ਐਲਡਰਜ਼ ਸੋਸਾਇਟੀ ਫਰੀਦਕੋਟ ਦੀ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਸੰਤ ਜੀ ਦਾ ਭਰ ਜਵਾਨੀ ਵਿੱਚ ਇਸ ਸੰਸਾਰ ਤੋਂ ਚਲੇ ਜਾਣ ਤੇ ਦੁਖ ਦਾ ਪਰਗਟਾਵਾ ਕੀਤਾ ਗਿਆ ਉੱਚ ਅਕਾਦਮਿਕ ਅਤੇ ਧਾਰਮਿਕ ਵਿਦਿਆ ਵਿੱਚ ਨਿਪੁੰਨ ਉਘੀ ਧਾਰਮਿਕ ਸ਼ਖਸੀਅਤ ਦਾ ਇਸ ਤਰ੍ਹਾਂ ਸੰਸਾਰ ਤੋਂ ਚਲੇ ਜਾਣਾ ਕੇਵਲ ਸੇਵਾ ਪੰਥੀ ਸੰਪਰਦਾਇ ਦਾ ਘਾਟਾ ਨਹੀਂ ਬਲਕਿ ਸਮੁਚੀ ਮਨੁੱਖਤਾ ਲਈ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਵਾਹਿਗੁਰੂ ਅੱਗੇ ਅਰਦਾਸ ਹੈ ਸੰਤ ਭੁੰਪਿਦਰ ਸਿੰਘ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ 'ਸੇਵਾ ਪੰਥ' ਦੇ ਸਰਧਾਲੂਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਆਪ ਜੀ ਦਾ
ਜਗਮੋਹਨ ਸਿੰਘ ਪ੍ਰਧਾਨ
ਐਲਡਰਜ਼ ਸਰਵਿਸ ਸੋਸਾਇਟੀ, ਫਰੀਦਕੋਟ।

# ਸ੍ਰੀ ਗੁਰੂ ਹਰਿਕ੍ਰਿਸ਼ਨ ਐਜੂਕੇਸ਼ਨ ਟਰਸਟ, ਬਠਿੰਡਾ।

ਸ੍ਰੀ ਗੁਰੂ ਹਰਿਕ੍ਰਿਸ਼ਨ ਐਜੁਕੇਸ਼ਨ ਟਰਸਟ ਨੂੰ ਸੰਤ ਭੁਪਿੰਦਰ ਸਿੰਘ ਜੀ ਦੇ ਅਕਾਲ ਚਲਾਣੇ ਤੇ ਬੜਾ ਦੁੱਖ ਹੈ। ਉਹਨਾਂ ਦੇ ਸਾਦਾ ਸੁਭਾਅ, ਮਿੱਠ ਬੋਲੜੇ ਬਚਨ ਸੇਵਾ ਸਿਮਰਨ ਦੀ ਯਾਦ ਸਦਾ ਸਦਾ ਲਈ ਲੋਕਾਂ ਦੇ ਹਿਰਦੇ ਵਿੱਚ ਰਹੇਗੀ। ਉਨ੍ਹਾਂ ਦੀ ਡੇਰੇ ਪ੍ਰਤੀ (ਭਾਈ ਜਗਤਾ ਜੀ) ਅਤੇ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਬੜੀ ਲੋੜ ਸੀ ਜੋ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਅਤੇ ਸੰਤ ਬਾਬਾ ਤੀਰਥ ਸਿੰਘ ਜੀ ਨੂੰ ਅਤੇ ਸਮੂਹ ਡੇਰੇ ਦੇ ਸੰਤਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਭਾਵੇਂ ਉਹ ਸਰੀਰਕ ਤੌਰ ਤੇ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੀ ਮਿੱਠੀ ਯਾਦ ਸਾਡੇ ਮਨਾਂ ਵਿੱਚ ਰਹੇਗੀ। ਛੋਟੀ ਜਿਹੀ ਅਵਸਥਾ ਵਿੱਚ ਇਤਨੀ ਵੱਡੀ ਗੁਰਬਾਣੀ ਦੇ ਪਕੜ, ਪਰਵਚਨ ਕਹਿਣ ਦਾ, ਕਥਾ ਕਰਨ ਦਾ ਢੰਗ ਬੜਾ ਪ੍ਰਸੰਸਾ ਯੋਗ ਸੀ।

ਹਰਬੰਸ ਸਿੰਘ ਸੰਧੂ ਸੈਕਟਰੀ,
ਸ੍ਰੀ ਗੁਰੂ ਹਰਿਕ੍ਰਿਸ਼ਨ ਐਜੂਕੇਸ਼ਟਨ ਟਰਸਟ, ਬਠਿੰਡਾ।

**BHAI KANHAYIA SEWA SANSTHAN LUDHIANA**

We are very shocked on the death of Sant. Bhupinder Singh ji. May God rest his Soul in Peace.

Kartar Singh Garib & Members

# ਖਾਲਸਾ ਸੀ. ਸੈਕੰਡਰੀ ਸਕੂਲ (ਰਜਿ.)

ਅੱਜ ਮਿੱਤੀ 19-4-2003 ਨੂੰ ਖਾਲਸਾ ਐਜੂਕੇਸ਼ਨਲ ਸੁਸਾਇਟੀ ਮੰਡੀ ਡੱਬਵਾਲੀ ਦੀ ਇੱਕ ਮੀਟਿੰਗ ਡਾ. ਇਕਬਾਲ ਸਿੰਘ ਪੰਨੂ ਦੀ ਪ੍ਰਧਾਨਗੀ ਵਿੱਚ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਾਂ ਨੇ ਭਾਗ ਲਿਆ :

ਡਾ. ਇਕਬਾਲ ਸਿੰਘ ਪੰਨੂ ਚੇਅਰਮੈਨ, ਸ. ਅੰਗ੍ਰੇਜ਼ ਸਿੰਘ ਗਿੱਲ ਵਾਇਸ ਚੇਅਰਮੈਨ, ਸ. ਰਣਜੀਤ ਸਿੰਘ ਐਡਵੋਕੇਟ ਸੈਕਟਰੀ, ਸ. ਹਰਦੇਵ ਸਿੰਘ ਐਡਵੋਕੇਟ ਜਾਇੰਟ ਸੈਕਟਰੀ, ਸ. ਹਰਦੇਵ ਸਿੰਘ ਐਡਵੋਕੇਟ ਜਾਇੰਟ ਸੈਕਟਰੀ, ਸ. ਸੁਖਬੀਰ ਸਿੰਘ ਐਡਵੋਕੇਟ ਮੈਨੇਜ਼ਰ, ਸ. ਸੁਖਬੀਰ ਸਿੰਘ ਐਡਵੋਕੇਟ ਮੈਨੇਜਰ, ਸ. ਜਗਦੇਵ ਸਿੰਘ ਐਡਵੋਕੇਟ ਮੈਂਬਰ, ਸ. ਤਾਰਾ ਸਿੰਘ ਟਾਇਰ ਸਰਵਿਸ ਮੈਂਬਰ, ਸ. ਰਾਮ ਸਿੰਘ ਪ੍ਰਿੰਸੀਪਲ ਖਾਲਸਾ ਸੀਨੀਅਰ ਸੈਕਡੰਰੀ ਸਕੂਲ, ਸ. ਸਹਿਜਿੰਦਰ ਸਿੰਘ ਵਾਇਸ ਪ੍ਰਿੰਸੀਪਲ , ਸ. ਰਣਬੀਰ ਸਿੰਘ ਆਹਲੂਵਾਲੀਆ ਸੀਨੀਅਰ ਸਟਾਫ ਮੈਂਬਰ।

ਮੀਟਿੰਗ ਵਿੱਚ ਸੰਤ ਬਾਬਾ ਤੀਰਥ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਦੇ ਭਤੀਜੇ ਸੰਤ ਭੁਪਿੰਦਰ ਸਿੰਘ ਜੀ 'ਸੇਵਾ ਪੰਥੀ' ਦੇ ਬੇਵਕਤੀ ਅਕਾਲ ਚਲਾਣੇ ਤੇ ਡੂੰਘੇ ਸ਼ੋਕ ਦਾ ਪ੍ਰਗਟਾਵਾ ਕੀਤਾ ਗਿਆ। ਸੰਤ ਭੁਪਿੰਦਰ ਸਿੰਘ ਜੀ ਬੜੇ ਹੋਣਹਾਰ ਸਨ। ਉਨ੍ਹਾਂ ਦੀ ਉਮਰ ਕੇਵਲ ੨੬ ਸਾਲ ਸੀ। ਉਹ ਐਮ. ਏ. ਇੰਗਲਿਸ਼ ਪਾਸ ਸਨ। ਉਹ ਗੁਰਬਾਣੀ ਤੇ ਗੁਰ-ਇਤਿਹਾਸ ਦੇ ਖੋਜੀ ਸਨ। ਉਨ੍ਹਾਂ ਦਾ ਬੜਾ ਉੱਚਾ ਤੇ ਸੁੱਚਾ ਧਾਰਮਿਕ ਜੀਵਨ ਸੀ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਸਾਰੇ ਸਿੱਖ ਜਗਤ ਨੂੰ ਇੱਕ ਪੂਰਾ ਨਾ ਹੋ ਸਕਣ ਵਾਲਾ ਘਾਟਾ ਪਿਆ ਹੈ। ਸੰਤ ਬਾਬਾ ਤੀਰਥ ਸਿੰਘ ਜੀ ਲਈ ਆਪਣੀ ਬਿਰਧ ਅਵਸਥਾ ਵਿੱਚ ਇਹ ਸਦਮਾ ਅਸਹਿ ਹੈ। ਸੰਤ ਬਾਬਾ ਤੀਰਥ ਸਿੰਘ ਜੀ ਦਾ ਖਾਲਸਾ ਸਕੂਲ ਡੱਬਵਾਲੀ ਨਾਲ ਡੂੰਘਾ ਸੰਬੰਧ ਹੈ।

ਦੁੱਖ ਦੀ ਇਸ ਘੜੀ ਵਿੱਚ ਸਾਰੀ ਕਮੇਟੀ ਦੀ ਹਮਦਰਦੀ ਸੰਤ ਬਾਬਾ ਤੀਰਥ ਸਿੰਘ ਜੀ ਨਾਲ ਹੈ। ਸਾਡੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਸੰਤ ਭੁਪਿੰਦਰ ਸਿੰਘ ਜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਸਾਰਿਆਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

(ਡਾ.) ਇਕਬਾਲ ਸਿੰਘ

ਚੇਅਰਮੈਨ

# ਰੋਟਰੀ ਕਲੱਬ ਨਹੀਆਂ ਵਾਲਾ

ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' ਜੀ ਦੀ
ਅਚਾਨਕ ਮੌਤ ਤੇ ਅਫ਼ਸੋਸ ਦਾ ਪ੍ਰਗਟਾਵਾ

ਰੋਟਰੀ ਕਲੱਬ ਨਹੀਆਂ ਵਾਲਾ ਦੇ ਪ੍ਰਧਾਨ ਨਵਦੀਪ ਸਿੰਘ ਅਤੇ ਸਮੂੰਹ ਮੈਂਬਰਜ਼ ਵੱਲੋਂ ਸੰਤ ਭੁਪਿੰਦਰ ਸਿੰਘ 'ਸੇਵਾ ਪੰਥੀ' ਜੀ ਦੀ ਅਚਨਚੇਤੀ ਮੌਤ ਤੇ ਟਿਕਾਣਾ ਭਾਈ ਜਗਤਾ ਜੀ ਦੇ ਸਮੂੰਹ 'ਸੇਵਾ ਪੰਥੀ' ਮਹਾਪੁਰਸ਼ਾਂ ਨਾਲ ਇਸ ਅਸਿਹ ਦੁਖਦਾਈ ਘੜੀ ਤੇ ਬਹੁਤ ਹੀ ਦੁਖੀ ਹਿਰਦਿਆਂ ਨਾਲ ਅਫਸੋਸ ਪ੍ਰਗਟ ਕਰਦਾ ਹੈ ਅਤੇ ਸਾਡੇ ਬਹੁਤ ਹੀ ਸਨਮਾਨਯੋਗ ਹਰਮਨ ਪਿਆਰੇ ਹੋਣਹਾਰ ਜਿਨ੍ਹਾਂ ਨੇ ਛੋਟੀ ਉਮਰ ਵਿੱਚ ਹੀ ਬਹੁਤ ਹੀ ਵੱਡੀਆਂ ਪੁਲਾਂਘਾ ਪੁੱਟੀਆਂ। ਬਚਪਨ ਤੋਂ ਹੀ ਸਰੀਰਕ ਕਸ਼ਟ ਸਹਿਦਿਆਂ ਹੋਇਆਂ ਬੀ.ਏ., ਐਮ.ਏ. ਇੰਗਲਿਸ਼ ਅਤੇ ਇਸ ਦੇ ਨਾਲ ਹੀ ਸੰਗੀਤ ਵਿੱਦਿਆ ਵੀ ਪ੍ਰਾਪਤ ਕੀਤੀ। ਆਪ ਬਹੁਤ ਵਧੀਆਂ ਕਥਾਵਾਚਕ ਮਿੱਠਬੋਲੜੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਦੀ ਅਣਹੋਂਦ ਟਿਕਾਣਾ ਸਾਹਿਬ ਅਤੇ ਸਮਾਜ ਵਿੱਚ ਹਮੇਸ਼ਾ ਰੜਕਦੀ ਰਹੇਗੀ। ਰੋਟਰੀ ਕਲੱਬ ਨਹੀਆਂਵਾਲਾ ਉਹਨਾਂ ਨੂੰ ਸ਼ਰਧਾਜਲੀ ਭੇਂਟ ਕਰਦਾ ਹੈ ਅਤੇ ਉਹਨਾਂ ਦੀਆਂ ਪ੍ਰੇਰਨਾਵਾਂ ਅਤੇ ਸੁਪਨਿਆਂ ਨੂੰ ਪੂਰਨ ਕਰਨ ਦਾ ਸਕੰਲਪ ਕਰਦਾ ਹੈ।

ਨਵਦੀਪ ਸਿੰਘ
ਰੋਟਰੀ ਕਲੱਬ ਨਹੀਆਂ ਵਾਲਾ

# ਭਾਈ ਘਨੱਈਆ ਸੇਵਾ ਸੁਸਾਇਟੀ ਮਲੋਟ (ਰਜਿ:)

ਕੇਲ ਕਰੇਦੇ ਹੰਝ ਨੂੰ ਅਚਿੰਤੇ ਬਾਜ ਪਏ।

ਅਨੁਸਾਰ ਅੱਜ ਮਹਾਨ ਸ਼ਖਸੀਅਤ ਸਾਡੇ ਹਰਮਨ ਪਿਆਰੇ ਮਿੱਠ ਬੋਲੜੇ ਅਤੇ ਹਰ ਇਕ ਦਿਲ ਦੀ ਧੜਕਣ ਸਾਡੇ ਪੂਜਨੀਕ ਸੰਤ ਭੁਪਿੰਦਰ ਸਿੰਘ ਜੀ 'ਸੇਵਾ ਪੰਥੀ' ਅੱਜ ਸਾਡੇ ਵਿੱਚ ਨਹੀਂ ਰਹੇ। ਆਪ ਜੀ ਦਾ ਮਿੱਠ ਬੋਲੜਾ ਸੁਭਾਅ ਜੋ ਹਰ ਇੱਕ ਦੇ ਮਨ ਨੂੰ ਮੋਹ ਲੈਂਦਾ ਸੀ। ਸਦਾ ਸਾਡੇ ਦਿਲਾਂ ਵਿੱਚ ਰਹੇਗਾ ਅਤੇ ਉਨ੍ਹਾਂ ਦਾ ਰੂਹਾਨੀ ਚਿਹਰਾ ਸਦਾ ਸਾਡੇ ਤੋਂ ਵਾਂਝਾ ਹੋ ਗਿਆ ਹੈ। ਉਥੇ ਟਿਕਾਣੇ ਅਧੀਨ ਸੁਸਾਇਟੀਆਂ ਅਤੇ ਸਕੂਲ ਹੋਰ ਅਸਥਾਨ ਵੀ ਉਨ੍ਹਾਂ ਤੋਂ ਬਿਨ੍ਹਾਂ ਅਧੂਰੇ ਹੋ ਗਏ ਹਨ। ਜਿਨ੍ਹਾਂ ਨੂੰ ਕਿ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਜੋ ਕਿ ਕਦੇ ਵੀ ਪੂਰਾ ਨਹੀਂ ਹੋ ਸਕੇਗਾ। ਭਾਈ ਘਨੱਈਆ ਸੇਵਾ ਸੋਸਾਇਟੀ ਯੂਨਿਟ ਮਲੋਟ ਦੇ ਸਾਰੇ ਸਮੂਹ ਸੇਵਾਦਾਰ ਅਤੇ ਭਾਈ ਜਗਤਾ ਜੀ ਹਾਈ ਸਕੂਲ ਮਲੋਟ ਦੇ ਪ੍ਰਬੰਧਕ ਸਟਾਫ ਅਤੇ ਵਿਦਿਆਰਥੀ ਇਸ ਦੁੱਖ ਵਿੱਚ ਸ਼ਰੀਕ ਹੋ ਕੇ ਆਪਣੀ ਸ਼ਰਧਾ ਦੇ ਫੁੱਲ ਉਸ ਵਿਛੜੀ ਆਤਮਾ ਨੂੰ ਭੇਂਟ ਕਰਦੇ ਹਨ ਤੇ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਨ ਕਿ ਸੱਚੇ ਪਾਤਸਾਹ ਉਸ ਮਹਾਨ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਸਰਬਤ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਦੁੱਖੀ ਹਿਰਦੇ ਨਾਲ
ਭਾਈ ਘਨੱਈਆ ਸੇਵਾ ਸੋਸਾਇਟੀ ਮਲੋਟ, ਮੈਨੇਜਰ, ਸਟਾਫ ਤੇ ਵਿਦਿਆਰਥੀ
ਭਾਈ ਜਗਤਾ ਜੀ ਹਾਈ ਸਕੂਲ ਮਲੋਟ।

੧ੳ ਸਤਿਗੁਰ ਪ੍ਰਸਾਦਿ

## ਆਹ! ਸੇਵਾ ਪੰਥੀ ਪੰਥ ਦਾ ਅਨਮੋਲ ਹੀਰਾ 'ਸੰਤ ਭੁਪਿੰਦਰ ਸਿੰਘ' (ਸੇਵਾ ਪੰਥੀ)

ਸੰਤ ਭੁਪਿੰਦਰ ਸਿੰਘ ਜਿਨ੍ਹਾਂ ਨੇ ਸ. ਮੋਹਨ ਸਿੰਘ ਅਤੇ ਮਾਤਾ ਸਤਨਾਮ ਕੌਰ ਦੇ ਘਰ 3 ਜੁਲਾਈ 1979 ਪਿੰਡ ਪਵਾਤ, ਤਹਿਸੀਲ ਸਮਰਾਲਾ ਜ਼ਿਲਾ ਲੁਧਿਆਣਾ ਵਿਚ ਜਨਮ ਲਿਆ। ਸੰਤ ਭੁਪਿੰਦਰ ਸਿੰਘ ਜੀ ਬਚਪਨ ਤੋਂ ਹੀ ਸਹਿਜ ਅਵਸਥਾ, ਮਿੱਠ ਬੋਲੜੇ ਅਤੇ ਨਿਰਵੈਰਤਾ ਵਾਲੇ ਸੁਭਾਅ ਦੇ ਸਨ। ਇਸ ਤਰ੍ਹਾਂ ਦੀ ਅਵਸਥਾ ਨੂੰ ਦੇਖ ਕੇ ਸ੍ਰੀ ਮਾਨ ਸੰਤ ਬਾਬਾ ਤੀਰਥ ਸਿੰਘ ਜੀ ਨੇ ਆਪਣੀ ਮਿਹਰ ਭਰੀ ਨਜ਼ਰ ਕਰਕੇ ਆਪ ਜੀ ਦੀ ਮੁੱਢਲੀ ਵਿਦਿਆ ਦਾ ਪ੍ਰਬੰਧ ਆਪਣੇ ਸੇਵਾ ਅਸਥਾਨ ਟਿਕਾਣਾ ਭਾਈ ਜਗਤਾ ਜੀ ਵਿਖੇ ਹੀ ਕਰ ਦਿੱਤਾ। ਇਸ ਦੁਨਿਆਵੀ ਵਿਦਿਆ ਦੇ ਨਾਲ-ਨਾਲ ਆਪ ਜੀ ਧਾਰਮਿਕ ਵਿਦਿਆ ਦਾ ਵੀ ਅਧਿਐਨ ਕਰਦੇ ਸਨ। ਆਪ ਜੀ ਦੇ ਮਿੱਠ ਬੋਲੜੇ ਸੁਭਾਅ ਹੋਣ ਕਾਰਣ ਵੱਡੀ ਤੋਂ ਵੱਡੀ ਸਖਸ਼ੀਅਤ ਵੀ ਕਾਇਲ ਹੋ ਜਾਂਦੀ ਸੀ ਜਿਸ ਸਮੇਂ ਆਪ ਜੀ ਕਥਾ ਕਰਦੇ ਸਨ ਤਾਂ ਸਾਧ ਸੰਗਤ ਉਨ੍ਹਾਂ ਦੇ ਮੁਖਾਰਬਿੰਦ ਤੋਂ ਅਗਲੇ ਸ਼ਬਦ ਦੀ ਉਡੀਕ ਵਿੱਚ ਹੁੰਦੀ ਸੀ ਕਿ ਅੱਗੇ ਸੰਤ ਜੀ ਕੀ ਉਚਾਰਣ ਕਰਨਗੇ। ਇਹ ਸਾਰੀ ਦੁਨਿਆਵੀ ਅਤੇ ਧਾਰਮਿਕ ਵਿਦਿਆ ਆਪ ਜੀ ਨੇ ਆਪਣਾ ਸਰੀਰ ਠੀਕ ਨਾ ਹੋਣ ਦੌਰਾਨ ਹੀ ਪ੍ਰਾਪਤ ਕੀਤੀ। ਸੰਤ ਜੀ ਦਾ ਸੰਘਰਸ਼ ਭਰਿਆ ਜੀਵਨ ਸੀ। ਇਤਨੀ ਵੱਡੀ ਬਿਮਾਰੀ ਹੋਣ ਦੌਰਾਨ ਵੀ ਆਪ ਜੀ ਦਾ ਮਨੋਬਲ ਬਹੁਤ ਉੱਚਾ ਸੀ। ਆਪ ਜੀ ਹਮੇਸ਼ਾ ਹੀ ਚੜ੍ਹਦੀ ਕਲਾ ਵਾਲੀਆਂ ਗੱਲਾਂ ਕਰਦੇ ਸਨ। ਇਸ ਦੌਰਾਨ ਆਪ ਜੀ ਨੇ ਆਪਣੀ ਬਿਮਾਰੀ ਦੀ ਪ੍ਰਵਾਹ ਨਾ ਕਰਦਿਆ ਹੋਇਆ ਇਕ ਵਿਚਾਰ ਬਣਾਇਆ ਕਿ ਮੈਂ ਆਪਣੀ ਸਾਰੀ ਜ਼ਿੰਦਗੀ ਹੀ ਬਾਬਾ ਜਗਤਾ ਸਾਹਿਬ ਜੀ ਦੇ ਅਸਥਾਨ ਤੇ ਸੇਵਾ ਕਰਨ ਵਿਚ ਲਗਾ ਦੇਣੀ ਹੈ। ਆਪ ਜੀ ਦੀ ਕਾਬਲੀਅਤ ਦੇਖ ਕੇ 15 ਜਨਵਰੀ 1998 ਨੂੰ ਆਪ ਜੀ ਨੂੰ ਸੇਵਾ ਪੰਥੀ ਭੇਖ ਦਿੱਤਾ ਗਿਆ ਸੀ। ਆਪ ਟਿਕਾਣਾ ਸਾਹਿਬ ਦੀ ਹਰ ਤਰ੍ਹਾਂ ਦੀ ਸੇਵਾ ਕਰਨ ਵਿੱਚ ਤਤਪਰ ਰਹਿੰਦੇ। ਇਸ ਸਮੇਂ ਦੌਰਾਨ ਆਪ ਜੀ ਵੱਲੋਂ ਭਾਈ ਘਨੱਈਆ ਚੌਕ ਬਠਿੰਡਾ ਦੀ ਉਸਾਰੀ ਅਤੇ ਜਨਵਰੀ 2003 ਯੱਗ ਸਮਾਗਮ ਤੇ 300 ਸਾਲਾ ਭਾਈ ਘਨੱਈਆ ਨੂੰ ਸਮਰਪਿਤ (ਮਲ੍ਹਮ ਦੀ ਡੱਬੀ ਬਖਸ਼ਿਸ਼ ਦਿਹਾੜਾ) ਦੀਆਂ ਸੇਵਾਵਾਂ ਸ਼ਲਾਘਾਯੋਗ ਹਨ। ਮਾਰਚ ਮਹੀਨੇ ਦੇ ਆਖਰੀ ਹਫਤੇ ਤੋਂ ਮਾਮੂਲੀ ਬੁਖਾਰ ਤੋਂ ਪੀੜਤ ਹੋ ਗਏ। ਜਿਸ ਕਾਰਨ 17 ਅਪ੍ਰੈਲ 2003 ਨੂੰ ਅਚਾਨਕ ਪ੍ਰਮਾਤਮਾ ਦੇ ਭਾਣੇ ਅਨੁਸਾਰ 18 ਅਪ੍ਰੈਲ 2003 ਸੱਚਖੰਡ ਜਾ ਬਿਰਾਜੇ। ਜੋ ਸਾਡੇ ਦਿਲਾਂ ਵਿੱਚ ਛੱਡ ਗਿਆ ਕਦੇ ਵੀ ਨਾ ਭੁੱਲਣ ਵਾਲੀਆਂ ਯਾਦਾਂ।

ਕੈਸੀ ਘੜੀ ਥੀ ਟਿਕਾਣੇ ਸੇ ਨਿਕਲਾ ਵੁਹ ਸੰਤ
ਫਿਰ ਦੇਖਨਾ ਨਸੀਬ ਨਾ ਉਸ ਕੋ ਟਿਕਾਣਾ ਹੂਆ।
"ਡੂਘੇ ਹੋਏ ਵਿਛੋੜੇ ਦੇ ਸਲ ਭੁਪਿੰਦਰ
ਆਸ ਅਜੇ ਨਾ ਅੰਦਰੋਂ ਹਾਰਦੀ ਏ।
ਹਾੜੇ ਹਾੜੇ ਇਸ ਟਿਕਾਣੇ ਸਾਹਿਬ ਜੀ ਨੂੰ
ਦਿਲੋਂ ਸਿੱਕ ਬੱਸ ਤੇਰੇ ਦੀਦਾਰ ਦੀ ਏ॥

ਵੱਲੋਂ : ਤਿਰਲੋਚਨ ਸਿੰਘ ਲੋਚੀ ਲੁਧਿਆਣਾ।

## ਜਗਤ ਮੈ ਝੂਠੀ ਦੇਖੀ ਪ੍ਰੀਤ ------ ।

ਕੁਦਰਤ ਦੇ ਕਾਦਰ ਵੱਲੋਂ ਮਨੁੱਖਾ ਜਨਮ ਤਾਂ ਸਭ ਨੂੰ ਮਿਲਿਆ ਹੈ। ਪਰ ਵਿਰਲੇ ਲੋਕ ਹਨ ਜੋ ਇਸ ਜਨਮ ਨੂੰ ਪਾ ਕੇ ਜੀਵਨ ਦੀ ਮੰਜ਼ਿਲ ਵਲ, ਧਰਮ, ਗੁਰੂ ਦੇ ਗੁਣਾਂ ਅਤੇ ਗਿਆਨ ਨਾਲ ਨਿਰੰਤਰ ਵਧਦੇ ਰਹਿੰਦੇ ਹਨ। ਦੁਨਿਆਵੀ ਮਸਲਿਆਂ, ਰੁਝੇਵਿਆਂ ਦੇ ਚੱਕਰ ਤੋਂ ਉੱਚਾ ਉਠ ਧਾਰਮਿਕ ਤੇ ਇਤਿਹਾਸਕ ਗਿਆਨ, ਸਾਧਨਾ, ਪਰਉਪਕਾਰ ਤੇ ਸਮਾਜ ਸੇਵੀ ਗੁਣਾਂ ਨੂੰ ਜੀਵਨ ਦੀ ਅਸਲੀ ਰਾਸ ਬਣਾਉਂਦੇ ਹਨ। ਜਿਨ੍ਹਾਂ ਦਾ ਮਿਸ਼ਨ ਹੁੰਦਾ ਹੈ ਜ਼ਿੰਦਗੀ ਨਿਜ ਲਈ ਨਹੀਂ ਸਗੋਂ ਜ਼ਿੰਦਗੀ ਸਰਬੱਤ ਦੇ ਭਲੇ ਲਈ ਜਿਉਣੀ ਹੈ। ਇਸੇ ਹੀ ਮਿਸ਼ਨ ਨੂੰ ਧੁਰ ਅੰਦਰ ਰੂਹ ਵਿੱਚ ਵਸਾ ਕੇ ਦੂਜਿਆਂ ਦੀ ਜ਼ਿੰਦਗੀ ਨੂੰ ਸ਼ਿੰਗਾਰਦੇ ਹੋਏ। ਪਰਉਪਕਾਰੀ ਰਸਤੇ ਤੇ ਚਲਦੇ ਹੋਏ ਆਪਣੀ ਮੰਜ਼ਿਲ ਪ੍ਰਾਪਤ ਕਰਦੇ ਹਨ। ਐਸੇ ਹੀ ਗੁਰੂ ਦਰ ਤੋਂ ਵਰੋਸਾਏ ਪਰਉਪਕਾਰੀ, ਗੁਰਮਤਿ ਰਸੀਏ, ਗੁਰਮਤਿ ਤੇ ਅਕੈਡਮਿਕ ਵਿੱਦਿਆ ਨਾਲ ਸ਼ਿਗਾਰੇ , ਪ੍ਰੇਰਣਾ ਸਰੋਤ ਸਨ ਸੰਤ ਭੁਪਿੰਦਰ ਸਿੰਘ ਸੇਵਾ ਪੰਥੀ। ਜੋ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀ ਸਨ।

ਸੰਤ ਭੁਪਿੰਦਰ ਸਿੰਘ ਜੋ ਬਚਪਨ ਵਿੱਚ ਹੀ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਮਹੰਤ ਸਾਹਿਬ ਦੀ ਸ਼ਰਨ ਵਿੱਚ ਆ ਗਏ ਸਨ। ਉਨ੍ਹਾਂ ਦੀ ਤੀਖਣ ਬੁੱਧੀ ਦੇ ਮਿੱਠ-ਬੋਲੜੇ ਸੁਭਾਅ ਕਾਰਨ ਮਹੰਤ ਸਾਹਿਬ ਦੀ ਕ੍ਰਿਪਾ ਦ੍ਰਿਸ਼ਟੀ ਉਨ੍ਹਾਂ ਤੇ ਹੋਈ ਮਹੰਤ ਸਾਹਿਬ ਨੇ ਸੰਤ ਭੁਪਿੰਦਰ ਸਿੰਘ ਨੂੰ ਮੁੱਢਲੀ ਅਕਾਦਮਿਕ ਵਿੱਦਿਆ ਚੰਗੇ-ਮੰਨੇ-ਪ੍ਰਮੰਨੇ ਸਕੂਲਾਂ ਵਿੱਚੋਂ ਦਿਵਾਈ। ਫਿਰ ਉਚੇਰੀ ਵਿੱਦਿਆ (Higher Education) ਲਈ ਉਸ ਨੂੰ D.A.V. College Bathinda, Pbi. Uni. Patiala ਵਿਖੇ ਭੇਜਿਆ। ਉਚੇਰੀ ਸਿੱਖਿਆ ਵਿੱਚ ਵਿਸ਼ਾਲਤਾ ਲਿਆਉਣ ਲਈ ਉਹ ਬੀਮਾਰੀ ਦੀ ਹਾਲਤ ਵਿੱਚ ਵੀ M.A. English. Pb. Uni. ਤੋਂ ਪ੍ਰਾਪਤ ਕਰਨ ਲਈ ਉਦਮ ਕਰ ਰਹੇ ਸਨ। ਧਾਰਮਿਕ ਵਿਦਿਆ (ਗੁਰਬਾਣੀ ਨਾਲ ਸੰਬੰਧਿਤ) ਤੇ ਸੰਗੀਤਕ ਵਿੱਦਿਆ ਲਈ ਉਹ ਨਾਮਵਰ ਸੰਸਥਾਵਾਂ ਤੇ ਨਾਮਵਰ ਉਸਤਾਦਾਂ ਦੇ ਸ਼ਾਗਿਰਦ ਬਣੇ ਰਹੇ। ਉਹ ਖੁਦ ਵੀ ਇਤਿਹਾਸਕ, ਧਾਰਮਿਕ, ਸਮਾਜਿਕ ਸਿੱਖਿਆ ਲਈ ਆਪਣੇ ਕਮਰੇ ਵਿੱਚ (ਬਣਾਈ ਲਾਇਬਰੇਰੀ ਵਿੱਚ) ਉਪਰੋਕਤ ਵਿਸ਼ਿਆ ਦੀਆਂ ਖੋਜ ਭਰਭੂਰ ਪੁਸਤਕਾਂ ਦਾ ਅਧਿਐਨ ਕਰਦੇ ਰਹਿੰਦੇ। ਤੇ ਕੈਸਟਾਂ ਰਾਹੀ Audio Study ਵੀ ਕਰਦੇ ਰਹਿੰਦੇ। ਦਿਨ 'ਚ ਕੁਝ ਸਮਾਂ ਧਰਮਿਕ ਰਿਆਜ਼ ਵੀ ਕਰਦੇ।


ਸੰਤ ਭੁਪਿੰਦਰ ਸਿੰਘ ਅਪਣੇ ਮਿੱਠ ਬੋਲੜੇ ਤੇ ਪਰਉਪਕਾਰੀ ਸੁਭਾਅ ਹੋਣ ਕਾਰਨ ਹਰ ਦਿਲ ਅਜ਼ੀਜ਼ ਬਣ ਗਏ। ਜੋ ਵੀ ਉਸ ਕੋਲ ਆਉਂਦਾ ਉਨ੍ਹਾਂ ਦੇ ਅਪਣੱਤ ਭਰੇ ਰਵੱਈਏ ਦਾ ਪ੍ਰਭਾਵ ਜਰੂਰ ਕਬੂਲਦਾ। ਉਨ੍ਹਾਂ ਦਾ ਮਨੋਬਲ ਬੜਾ ਉੱਚਾ ਸੀ ਬਿਮਾਰੀ ਨਾਲ ਸੰਘਰਸ਼ ਕਰਨ ਦੇ ਨਾਲ ਨਾਲ ਉਨ੍ਹਾਂ ਨੇ ਆਪਣੇ ਕਾਰਜ ਖੇਤਰ ਨੂੰ ਵੀ ਵਿਸ਼ਾਲ ਕੀਤਾ। ਉਨ੍ਹਾਂ ਨੇ **ਸੇਵਾ ਜੋਤੀ ਮੈਗਜ਼ੀਨ** ਦਾ ਪੱਧਰ ਉਚ ਕਰਨ ਲਈ ਤੇ ਇੰਟਰਨੈਟ ਤੇ ਲਿਜਾਣ ਲਈ Intenet Edition Editor ਰਾਹੀ ਸੇਵਾ ਨਿਭਾਈ। ਦਫਤਰ ਵਰ-ਘਰ ਦੇ ਉਹ ਮੁੱਖ ਇੰਚਾਰਜ ਸਨ। ਡੇਰੇ ਨਾਲ ਸੰਬੰਧਿਤ ਸਿੱਖਿਆ ਸੰਸਥਾਵਾਂ ਵੱਲ ਵੀ ਉਹ ਧਿਆਨ ਦੇ ਰਹੇ ਸਨ। ਡੇਰੇ ਦਾ ਨਾਂ ਰੋਸ਼ਨ ਕਰਨ ਲਈ ਉਹ ਹਮੇਸ਼ਾ ਹੀ ਕਾਰਜਸ਼ੀਲ ਰਹਿੰਦੇ। ਹਰ ਸਮੇਂ ਨਵਾਂ ਕੁਝ ਕਰਨ ਲਈ ਤੱਤਪਰ ਰਹਿੰਦੇ। ਕੰਮ ਦੀ ਪਲਾਨਿੰਗ ਕਰਦੇ ਤੇ ਬਾਬਾ ਜੀ ਦੀ ਆਗਿਆ ਅਨੁਸਾਰ ਅਮਲੀ ਰੂਪ ਦਿੰਦੇ। ਬਠਿੰਡਾ ਵਿਖੇ ਭਾਈ ਘਨੱਈਆ ਚੌਂਕ ਦੀ ਉਸਾਰੀ ਸੰਤ ਜੀ ਦੀ ਮਹੱਤਵਪੂਰਨ ਦੇਣ ਹੈ। ਜ਼ਿਕਰਯੋਗ ਤਾਂ ਹੋਰ ਵੀ ਬਹੁਤ ਕੁਝ ਹੈ।

ਉਹ ਅਕਸਰ ਕਹਿੰਦੇ ਸਨ ਕਿ ਛੋਟੀ ਜਿਹੀ ਜ਼ਿੰਦਗੀ ਵਿੱਚ ਬਹੁਤ ਵੱਡੇ ਕੰਮ ਕਰਨੇ ਹਨ। ਜਿਵੇਂ ਉਹਨਾਂ ਨੂੰ ਆਉਣ ਵਾਲੇ ਸਮੇਂ ਦਾ ਪਤਾ ਹੋਵੇ। ਇਸ ਲਈ ਉਹ ਹਰ ਕੰਮ ਦੀ ਪਲਾਨਿੰਗ ਕਰਕੇ ਨੇਪਰੇ ਚਾੜ੍ਹਨ ਦੀ ਕਾਹਲ ਕਰਦੇ।

ਸ਼ਾਇਦ ਪਰਮਾਤਮਾ ਨੂੰ ਇਹੀ ਮਨਜ਼ੂਰ ਸੀ ਕਿ ਉਹ ਭਰ ਜਵਾਨੀ ਦੀ ਉਮਰ ਵਿੱਚ ਬਿਮਾਰੀ ਨਾਲ ਸੰਘਰਸ਼ ਕਰਦੇ ਹੋਏ ੧੭ ਅਪ੍ਰੈਲ ੨੦੦੩ ਨੂੰ ਸੱਚਖੰਡ ਪਿਆਨਾ ਕਰ ਗਏ। ਜਿਸ ਨਾਲ ਟਿਕਾਣਾ ਸਾਹਿਬ, ਇਸ ਨਾਲ ਸੰਬੰਧਿਤ ਸੰਸਥਾਵਾਂ ਤੇ ਚਲ ਰਹੇ ਅਦਾਰਿਆਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸੇਵਾ ਜੋਤੀ ਅਦਾਰੇ ਵੱਲੋਂ ਤੇ ਪਾਠਕਾਂ ਵੱਲੋਂ ਅਰਦਾਸ ਹੈ ਕਿ ਅਕਾਲ ਪੁਰਖ ਉਸ ਪਵਿੱਤਰ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।

-ਹਮੇਸ਼ਾ ਰਹਿਣ ਲਈ ਤਾਂ ਦੁਨੀਆਂ ਵਿੱਚ ਆਈਦਾ ਨਹੀਂ।
ਪਰ ਜਿੰਦਾਂ ਤੂੰ ਗਿਆ ਭੁਪਿੰਦਰ ਐਂਦਾ ਜਾਈਦਾ ਨਹੀਂ।
-ਰੱਖਣੀ ਜੇਕਰ ਹਨੇਰੀ ਜ਼ਿੰਦਗੀ ਫੇਰ ਕੀ ਕਰਨੀ ਲੰਮੇਰੀ ਜ਼ਿੰਦਗੀ
ਆ ਜਾਏ ਜੇਕਾਰ ਸਲੀਕਾ ਜੀਣ ਦਾ ਚਾਰ ਦਿਨ ਹੁੰਦੀ ਬਥੇਰੀ ਜ਼ਿੰਦਗੀ,
ਵੰਡਦੀ ਜੋ ਪਿਆਰ ਦੀ ਖੁਸ਼ਬੂ ਨਹੀਂ,, ਸਮਝੋ ਬਸ ਮਿਟੀ ਦੀ ਢੇਰੀ ਜ਼ਿੰਦਗੀ।

ਵੱਲੋਂ : ਅਦਾਰਾ ਸੇਵਾ ਜੋਤੀ




ਜਨਮ ਨੂੰ ਪਾ ਕੇ
ਵੀ ਮਸਲਿਆਂ,
ਸੇਵੀ ਗੁਣਾਂ ਨੂੰ
ਗੀ ਸਰਬੱਤ ਦੇ
ਗਾਰਦੇ ਹੋਏ।
ਪਰਉਪਕਾਰੀ,
ਮ ਸੇਵਾ ਪੰਥੀ।

ਬ ਦੀ ਸ਼ਰਨ
ਉਨ੍ਹਾਂ ਤੇ ਹੋਈ
। ਫਿਰ ਉਚੇ
atiala ਵਿਖੇ
glish. Pb.
ਤੇ ਸੰਗੀਤਕ
ਇਤਿਹਾਸਕ,
ਦੀਆਂ ਖੋਜ
ਨ 'ਚ ਕੁਝ

ਣ ਗਏ।
ਉੱਚਾ ਸੀ
ਵਾ ਜੋਤੀ
ਹੀ ਸੇਵਾ
ਧਿਆਨ
ਤੱਤਪਰ
ਨੱਈਆ

ਆਉਣ

ਕਰਦੇ
ਸਿਖਾਵਾਂ
ਹੈ ਕਿ

ਜੋਤੀ

2003

# ...ਤ ਭੁਪਿੰਦਰ ਸਿੰਘ ਜੀ 'ਸੇਵਾ ਪੰਥੀ' ਦੀ ਅੰਤਿਮ ਯਾਤਰਾ







Bhai Kanhaiya Sewa Joti (Monthly) R.N.I. Regd. No. 046716/84
Regd.No.TECH/47-5(PB-0148)2003 Chd. Dt.16-12-2002

# ਸੰਤ ਭੁਪਿੰਦਰ ਸਿੰਘ ਜੀ ਦੇ ਅੰਤਿਮ ਸੰਸਕਾਰ ਦੀਆਂ ਝੱਲਕੀਆਂ





